ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

# ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਬੁੱਧਵਾਰ, 21 ਅਕਤੂਬਰ / 2026 / ਅੰਕ 281 / ਪੰਨੇ 08 / ਮੁੱਲ 7 ਰੁ:

www.sanjhikhabar.com E-mail : khabarsanjhi@gmail.com sanjhikhabar sanjhikahbar




## ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਤਿੰਨ ਘੰਟੇ ਰੋਕੇ ਜਾਣ ਤੋਂ ਸਿਆਸੀ ਹੰਗਾਮਾ

ਸਾਂਝੀ ਖ਼ਬਰ

(ਸੰਦੀਪ ਸਿੰਘ)
ਚੰਡੀਗੜ੍ਹ, 20 ਅਕਤੂਬਰ

ਮੁੱਖ ਮੰਤਰੀ ਭਗਵੰਤ ਮਾਨ ਨੂੰ ਫਰਾਂਸ ਤੋਂ ਵਾਪਸੀ ਮੌਕੇ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਰੋਕੇ ਜਾਣ ਤੋਂ ਸਿਆਸੀ ਹੰਗਾਮਾ ਖੜ੍ਹਾ ਹੋ ਗਿਆ ਹੈ।

ਮੁੱਖ ਮੰਤਰੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦਾਖਲ ਮਗਰੋਂ 17 ਅਕਤੂਬਰ ਨੂੰ ਫਰਾਂਸ ਲਈ ਰਵਾਨਾ ਹੋਏ ਸਨ। 19 ਅਕਤੂਬਰ ਦੀ ਦੇਰ ਰਾਤ ਨੂੰ ਮੁੱਖ ਮੰਤਰੀ ਚੰਡੀਗੜ੍ਹ ਵਾਪਸ ਪਰਤੇ ਹਨ।

ਵੇਰਵਿਆਂ ਅਨੁਸਾਰ ਮੁੱਖ ਮੰਤਰੀ ਜਦੋਂ ਫਰਾਂਸ ਵਾਪਸੀ ਮੌਕੇ ਦਿੱਲੀ ਦੇ ਹਵਾਈ ਅੱਡੇ 'ਤੇ ਰਾਤੀ ਕਰੀਬ 11 ਵਜੇ ਪਹੁੰਚੇ ਤਾਂ ਉਸ ਮੌਕੇ ਉਨ੍ਹਾਂ ਨੂੰ ਕਸਟਮ ਅਧਿਕਾਰੀਆਂ ਨੇ ਸਾਮਾਨ ਆਦਿ ਨਾ ਆਉਣ ਦੇ ਬਹਾਨੇ ਕਈ ਘੰਟੇ ਰੋਕੀ ਰੱਖਿਆ।

'ਆਪ' ਦੇ ਬੁਲਾਰੇ ਬਲਤੇਜ ਪੰਨੂ ਦਾ ਕਹਿਣਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਸਲ 'ਚ ਇਸ ਗੱਲ ਦੀ ਖਿਝ ਹੈ ਕਿ ਕੇਂਦਰ ਸਰਕਾਰ ਦੇ ਰੋਕਣ ਦੇ ਬਾਵਜੂਦ ਮੁੱਖ ਮੰਤਰੀ ਅਦਾਲਤੀ ਦਖਲ ਨਾਲ ਫਰਾਂਸ ਕਿਉਂ ਚਲੇ ਗਏ। ਉਨ੍ਹਾਂ ਕਿਹਾ ਕਿ ਦਿੱਲੀ ਦੇ ਹਵਾਈ ਅੱਡੇ 'ਤੇ ਪਹਿਲਾਂ ਸਾਮਾਨ ਦੇ ਬਹਾਨੇ ਮੁੱਖ ਮੰਤਰੀ ਨੂੰ ਰੋਕਿਆ ਅਤੇ ਫਿਰ ਜਦੋਂ ਮੁੱਖ ਮੰਤਰੀ ਹਵਾਈ ਅੱਡੇ ਤੋਂ ਬਾਹਰ ਗੱਡੀ 'ਚ ਬੈਠ ਗਏ ਤਾਂ ਪਿੱਛੋਂ ਆਏ ਅਧਿਕਾਰੀਆਂ ਨੇ ਰੋਕ ਕੇ 50 ਹਜ਼ਾਰ ਰੁਪਏ ਦਾ ਚਲਾਨ ਕੱਟ ਦਿੱਤਾ। ਪੰਨੂ ਦਾ ਕਹਿਣਾ ਸੀ ਕਿ ਹਾਈ ਕੋਰਟ ਨੇ ਮੁੱਖ ਮੰਤਰੀ ਨੂੰ ਵਿਦੇਸ਼ ਦੌਰਾਨ ਬਣਦਾ ਪ੍ਰੋਟੋਕਾਲ ਦੇਣ ਦੇ ਹੁਕਮ ਵੀ ਕੀਤੇ ਸਨ।

ਬਲਤੇਜ ਪੰਨੂ ਦਾ ਕਹਿਣਾ ਸੀ ਕਿ



ਪ੍ਰੋਟੋਕਾਲ ਮੁਤਾਬਿਕ ਫਰਾਂਸ 'ਚ ਦੌਰੇ ਦੌਰਾਨ ਮੁੱਖ ਮੰਤਰੀ ਨੂੰ ਭਾਰਤੀ ਕੌਂਸਲੇਟ ਜਨਰਲ ਨੇ ਮਿਲਣਾ ਹੁੰਦਾ ਹੈ ਪ੍ਰੰਤੂ ਉਹ ਵੀ ਮੁੱਖ ਮੰਤਰੀ ਨੂੰ ਮਿਲਣ ਨਹੀਂ ਆਏ। ਪੰਨੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਅਦਾਲਤੀ ਹੁਕਮਾਂ ਅਤੇ ਪ੍ਰੋਟੋਕਾਲ ਦੀ ਵੀ ਉਲੰਘਣਾ ਕੀਤੀ।

ਦੱਸਣਯੋਗ ਹੈ ਕਿ ਕੇਂਦਰੀ ਵਿਦੇਸ਼ ਮੰਤਰਾਲੇ ਨੇ ਮੁੱਖ ਮੰਤਰੀ ਨੂੰ ਫਰਾਂਸ ਜਾਣ ਦੀ ਸਿਆਸੀ ਪ੍ਰਵਾਨਗੀ ਨਹੀਂ ਦਿੱਤੀ ਸੀ ਜਿਸ ਮਗਰੋਂ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੀ ਇਨਕਾਰੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਅਦਾਲਤ ਨੇ ਪੰਜਾਬ ਸਰਕਾਰ ਦੀ ਪਟੀਸ਼ਨ ਨੂੰ ਮਨਜ਼ੂਰ ਕਰ ਲਿਆ ਸੀ।

ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 17 ਤੋਂ 21 ਅਕਤੂਬਰ ਤੱਕ ਪੈਰਿਸ ਵਿੱਚ ਹੋਣ ਵਾਲੇ ਕੌਮਾਂਤਰੀ ਫੂਡ ਫ਼ੈਸਟੀਵਲ ਵਿੱਚ ਸ਼ਮੂਲੀਅਤ ਕੀਤੀ ਗਈ ਹੈ ਅਤੇ ਉਨ੍ਹਾਂ ਨੇ ਫੂਡ ਫ਼ੈਸਟੀਵਲ 'ਚ ਮਾਰਕਫੈੱਡ ਦੇ ਉਤਪਾਦ ਲਾਂਚ ਕੀਤੇ ਹਨ।

ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ 'ਐਕਸ' 'ਤੇ ਜਾਣਕਾਰੀ ਸਾਂਝੀ ਕੀਤੀ ਸੀ ਕਿ ਮੁੱਖ ਮੰਤਰੀ ਤੋਂ ਕਈ ਘੰਟੇ ਪੁੱਛਗਿੱਛ ਹੋਈ ਹੈ ਅਤੇ ਅਫ਼ਸਰਾਂ ਦੀ ਬੈਗ ਵੈਰੀਫਿਕੇਸ਼ਨ ਦੇ ਹੁਕਮ ਵੀ ਹੋਏ।

## ਮਾਨਸਾ 'ਚ ਪੁਲਸ ਮੁਲਾਜ਼ਮ ਦੇ ਘਰ ਚੱਲੀਆਂ ਗੋਲੀਆਂ, ਪਿਓ-ਪੁੱਤ ਦੀ ਮੌਤ, ਮਾਂ ਤੇ ਦੂਜਾ ਪੁੱਤ ਗੰਭੀਰ ਜ਼ਖਮੀ

ਸਾਂਝੀ ਖ਼ਬਰ

(ਕੁਲਦੀਪ ਸਿੰਘ)
ਮਾਨਸਾ, 20 ਅਕਤੂਬਰ

ਸ਼ਹਿਰ ਦੇ ਵਾਰਡ ਨੰਬਰ 5 ਵਿੱਚ ਇੱਕ ਪੁਲਸ ਮੁਲਾਜ਼ਮ ਵੱਲੋਂ ਆਪਣੇ ਪਰਿਵਾਰ ਅਤੇ ਖ਼ੁਦ ਨੂੰ ਗੋਲੀ ਮਾਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ, ਪੁਲਸ ਮੁਲਾਜ਼ਮ ਗੁਰਵਿੰਦਰ ਸਿੰਘ ਡਿਪਟੀ ਕਮਿਸ਼ਨਰ ਦਾ ਗੰਨਮੈਨ ਸੀ, ਜੋ ਕਿ 2 ਦਿਨਾਂ ਦੀ ਛੁੱਟੀ ਲੈ ਕੇ ਘਰ ਆਇਆ ਹੋਇਆ ਸੀ। ਹਾਦਸੇ ਵਿੱਚ ਜ਼ਖ਼ਮੀ ਬੱਚਿਆਂ ਨੂੰ ਸਿਵਲ ਹਸਪਤਾਲ ਤੋਂ ਬਾਹਰ (ਦੂਜੇ





ਹਸਪਤਾਲ) ਲਈ ਰੈਫਰ ਕਰ ਦਿੱਤਾ ਗਿਆ ਹੈ, ਜਦਕਿ ਪਤੀ-ਪਤਨੀ ਦੋਵਾਂ ਨੂੰ ਸਿਵਲ ਹਸਪਤਾਲ ਵਿੱਚ ਰੱਖਿਆ ਗਿਆ ਹੈ।

ਇਸ ਹਾਦਸੇ ਵਿੱਚ ਪੁਲਸ ਮੁਲਾਜ਼ਮ ਗੁਰਵਿੰਦਰ ਸਿੰਘ ਅਤੇ ਉਸ ਦੇ ਪੁੱਤਰ ਜੋਤ ਸਿੰਘ ਦੀ ਮੌਤ ਹੋ ਗਈ ਹੈ, ਜਦਕਿ ਉਸ ਦੀ ਪਤਨੀ ਹਰਪ੍ਰੀਤ ਕੌਰ ਅਤੇ ਦੂਜੇ ਪੁੱਤਰ ਦਿਲਸ਼ਾਨ ਨੂੰ ਗੰਭੀਰ ਹਾਲਤ ਵਿੱਚ ਰੈਫਰ ਕੀਤਾ ਗਿਆ ਹੈ। ਘਟਨਾ ਦੀ ਸੂਚਨਾ ਸਵੇਰੇ ਨੇੜੇ ਦੇ ਲੋਕਾਂ ਨੂੰ ਉਸ ਸਮੇਂ ਮਿਲੀ ਜਦੋਂ ਗੋਲੀ ਨਾਲ ਜ਼ਖ਼ਮੀ ਪਤਨੀ ਘਰ ਦੇ ਬਾਹਰ ਮਿਲੀ। ਇਸ ਤੋਂ ਬਾਅਦ ਲੋਕਾਂ ਨੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਪਹੁੰਚਾਇਆ ਅਤੇ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦਿੱਤੀ।

ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਡੀ.ਐੱਸ.ਪੀ. ਪੁਸ਼ਪਿੰਦਰ ਸਿੰਘ ਅਤੇ ਥਾਣਾ ਇੰਚਾਰਜ ਭਗਵੰਤ ਸਿੰਘ ਮੌਕੇ 'ਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ।

## ਪਰਵਿੰਦਰ ਝੋਟਾ ਕਤਲ ਕਾਂਡ, ਅਸਲਾ ਲਾਇਸੈਂਸ ਜਾਰੀ ਕਰਨ ਵਾਲੇ ਆਈ ਏ ਐੱਸ ਅਧਿਕਾਰੀ 'ਤੇ ਉੱਠੀ ਉਂਗਲ

ਸਾਂਝੀ ਖ਼ਬਰ

(ਅਰਸ਼ਦੀਪ ਸਿੰਘ)
ਮਾਨਸਾ, 20 ਅਕਤੂਬਰ

ਮਾਨਸਾ ਦੇ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਵਾਲੇ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕਰਨ ਵਾਲੇ ਆਈ ਏ ਐੱਸ ਅਧਿਕਾਰੀ 'ਤੇ ਉਂਗਲ ਉੱਠਣ ਲੱਗੀ ਹੈ। 2019 ਬੈਚ ਦੇ ਆਈ ਏ ਐੱਸ ਅਧਿਕਾਰੀ ਨਿਰਮਲ ਉਸੇਪਚਨ ਵੱਲੋਂ ਵਧੀਕ ਡਿਪਟੀ ਕਮਿਸ਼ਨਰ ਮਾਨਸਾ ਦੀ ਹੈਸੀਅਤ 'ਚ 21 ਅਗਸਤ 2024 ਨੂੰ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕੀਤਾ ਗਿਆ ਸੀ। ਹਾਲਾਂਕਿ ਮੁਲਜ਼ਮ 'ਤੇ ਪੰਜ ਪੁਲੀਸ ਕੇਸ ਦਰਜ ਸਨ ਜਿਨ੍ਹਾਂ ਦੀ ਅਣਦੇਖੀ ਕਰਕੇ ਅਸਲਾ ਲਾਇਸੈਂਸ ਜਾਰੀ ਕੀਤਾ ਗਿਆ।

ਆਈ ਏ ਐੱਸ ਅਧਿਕਾਰੀ ਨਿਰਮਲ ਉਸੇਪਚਨ ਨੇ ਮਾਨਸਾ ਦੇ ਵਧੀਕ ਡਿਪਟੀ ਕਮਿਸ਼ਨਰ ਵਜੋਂ 11 ਦਸੰਬਰ 2023 ਨੂੰ ਅਹੁਦਾ ਸੰਭਾਲਿਆ ਸੀ ਅਤੇ ਉਹ 19 ਮਾਰਚ 2025 ਤੱਕ ਇਸ ਅਹੁਦੇ 'ਤੇ ਰਹੇ ਸਨ। ਮੌਜੂਦਾ ਸਮੇਂ ਇਹ ਆਈ ਏ ਐੱਸ ਅਧਿਕਾਰੀ ਪੰਜਾਬ ਦੇ ਮੁੱਖ ਸਕੱਤਰ ਦੇ ਓ ਐੱਸ ਡੀ (ਵਾਧੂ ਚਾਰਜ) ਵਜੋਂ ਤਾਇਨਾਤ ਹਨ। ਅਗਰ ਪਰਵਿੰਦਰ ਸਿੰਘ ਝੋਟਾ ਕਤਲ ਕਾਂਡ ਦੀ ਸੀ ਬੀ ਆਈ ਜਾਂਚ ਸ਼ੁਰੂ ਹੁੰਦੀ ਹੈ ਤਾਂ ਮੁਲਜ਼ਮ ਅਸ਼ਵਨੀ ਕੁਮਾਰ ਨੂੰ ਜਾਰੀ ਅਸਲਾ



ਲਾਇਸੈਂਸ ਦੀ ਜਾਂਚ ਹੋਣ ਦੀ ਵੀ ਸੰਭਾਵਨਾ ਹੈ।

ਮਾਨਸਾ 'ਚ ਇਨਸਾਫ਼ ਲਈ ਡਟੀ ਐਕਸ਼ਨ ਕਮੇਟੀ ਪਹਿਲਾਂ ਹੀ ਆਖ ਚੁੱਕੀ ਹੈ ਕਿ ਵਧੀਕ ਡਿਪਟੀ ਕਮਿਸ਼ਨਰ 'ਤੇ ਦਬਾਅ ਬਣਾ ਕੇ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕਰਾਇਆ ਗਿਆ। ਐਕਸ਼ਨ ਕਮੇਟੀ ਦੇ ਆਗੂ ਆਖਦੇ ਹਨ ਕਿ ਅਸਲਾ ਲਾਇਸੈਂਸ ਦੀ ਸਿਫ਼ਾਰਸ਼ ਕਰਨ ਵਾਲੇ ਸਿਆਸੀ ਆਗੂ ਦਾ ਪਤਾ ਲਗਾਇਆ ਜਾਵੇ। ਜੇ ਸੀ ਬੀ ਆਈ ਜਾਂਚ ਸ਼ੁਰੂ ਹੁੰਦੀ ਹੈ ਤਾਂ ਉਹ ਸਿਆਸੀ ਆਗੂ ਵੀ ਜਾਂਚ ਦੇ ਘੇਰੇ 'ਚ ਆਉਣਗੇ ਜਿਨ੍ਹਾਂ ਦੀ ਅਹਿਮ ਨੇੜਤਾ ਇਸ ਆਈ ਏ ਐੱਸ ਅਧਿਕਾਰੀ ਨਾਲ ਰਹੀ ਹੈ।

ਵੇਰਵਿਆਂ ਅਨੁਸਾਰ ਇਸ ਆਈ ਏ ਐੱਸ ਅਧਿਕਾਰੀ ਦੇ ਕੇਰਲਾ 'ਚ ਜਨਵਰੀ 2026 'ਚ ਹੋਏ ਵਿਆਹ ਸਮਾਗਮਾਂ 'ਤੇ ਆਮ ਆਦਮੀ ਪਾਰਟੀ ਦੇ ਤਿੰਨ ਸੀਨੀਅਰ ਆਗੂ ਵੀ ਸ਼ਾਮਲ ਹੋਏ ਸਨ ਜਿਨ੍ਹਾਂ 'ਚ ਮਾਨਸਾ ਦੇ 'ਆਪ' ਦੇ ਦੋ ਜ਼ਿਲ੍ਹਾ ਪੱਧਰ ਦੇ ਆਗੂ ਵੀ ਸਨ। ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵੀ ਕੇਰਲਾ 'ਚ ਇਸ ਆਈ ਏ ਐੱਸ ਅਧਿਕਾਰੀ ਦੇ ਵਿਆਹ ਸਮਾਗਮਾਂ 'ਚ ਸ਼ਾਮਲ ਹੋਏ ਸਨ।

ਵਿਧਾਇਕ ਅਮੋਲਕ ਸਿੰਘ ਦਾ ਕਹਿਣਾ ਸੀ ਕਿ ਇਹ ਆਈ ਏ ਐੱਸ ਅਧਿਕਾਰੀ ਜੈਤੋ ਦੇ ਐੱਸ ਡੀ ਐੱਮ ਰਹਿ ਚੁੱਕੇ ਹਨ ਅਤੇ ਉਹ ਪੁਰਾਣੇ ਸਬੰਧਾਂ ਕਾਰਨ ਹੀ ਵਿਆਹ ਸਮਾਗਮਾਂ 'ਚ ਸ਼ਾਮਲ ਹੋਏ ਸਨ। ਉਹ ਕੇਰਲਾ ਦਾ ਕਲਚਰ ਵੀ ਦੇਖਣਾ ਚਾਹੁੰਦੇ ਸਨ। ਵੇਰਵਿਆਂ ਅਨੁਸਾਰ ਅਸ਼ਵਨੀ ਕੁਮਾਰ ਕੋਲ ਇੱਕ ਪਿਸਟਲ (7.62 ਐੱਮ ਐੱਮ) ਅਤੇ ਇੱਕ ਬਾਰਾਂ ਬੋਰ ਦੀ ਗੰਨ ਸੀ। ਮੁਲਜ਼ਮ ਅਸ਼ਵਨੀ ਕੁਮਾਰ ਦੇ ਲਾਇਸੈਂਸ ਦੀ ਵੈਧਤਾ 21 ਅਗਸਤ 2024 ਤੋਂ 20 ਅਗਸਤ 2029 ਤੱਕ ਦੀ ਸੀ।

ਮਾਨਸਾ 'ਚ ਆਪਣੀ ਦਵਾਈਆਂ ਦੀ ਦੁਕਾਨ 'ਚ ਪਰਵਿੰਦਰ ਸਿੰਘ ਝੋਟਾ ਦੀ ਹੱਤਿਆ ਕਰਨ ਲਈ ਅਸ਼ਵਨੀ ਕੁਮਾਰ ਨੇ ਇਹੋ ਲਾਇਸੈਂਸੀ ਹਥਿਆਰ ਦੀ ਵਰਤੋਂ ਕੀਤੀ ਸੀ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਅਸ਼ਵਨੀ ਕੁਮਾਰ ਨੂੰ ਇੱਕੋ ਸਮੇਂ 50 ਕਾਰਤੂਸ ਖ਼ਰੀਦਣ ਅਤੇ ਇੱਕ ਸਾਲ 'ਚ 100 ਕਾਰਤੂਸ ਖ਼ਰੀਦਣ ਦਾ ਅਧਿਕਾਰ ਵੀ ਦਿੱਤਾ ਹੋਇਆ ਸੀ।

ਮਾਨਸਾ ਦੇ ਐੱਸ ਐੱਸ ਪੀ ਵੱਲੋਂ ਇਸ ਅਸਲਾ ਲਾਇਸੈਂਸ ਲਈ ਕੀਤੀ ਸਿਫ਼ਾਰਸ਼ 'ਚ ਅਸ਼ਵਨੀ ਕੁਮਾਰ 'ਤੇ ਦਰਜ ਪੰਜ ਪੁਲੀਸ ਕੇਸਾਂ ਦਾ ਜ਼ਿਕਰ ਵੀ ਕੀਤਾ ਹੈ ਅਤੇ ਇਸ ਤੋਂ ਇਲਾਵਾ ਅਸ਼ਵਨੀ ਕੁਮਾਰ ਲਈ ਖ਼ਤਰੇ ਦਾ ਆਧਾਰ ਮਾਨਸਾ ਦੇ ਸਿਟੀ-2 'ਚ ਦਰਜ ਐੱਫ਼ ਆਈ ਆਰ 66 (ਮਿਤੀ 4 ਅਪਰੈਲ 2024) ਨੂੰ ਬਣਾਇਆ ਗਿਆ।ਐੱਸ ਐੱਸ ਪੀ ਨੇ ਅਸ਼ਵਨੀ ਕੁਮਾਰ ਨੂੰ ਅਸਲਾ ਲਾਇਸੈਂਸ ਜਾਰੀ ਕਰਨ ਦੀ ਸਿਫ਼ਾਰਸ਼ 9 ਅਗਸਤ 2024 ਨੂੰ ਨੰਬਰ 91/ਐੱਨ ਏ ਐੱਲ ਤਹਿਤ ਕੀਤੀ ਅਤੇ ਵਧੀਕ ਡਿਪਟੀ ਕਮਿਸ਼ਨਰ ਨੇ 21 ਅਗਸਤ 2024 ਨੂੰ ਅਸਲਾ ਲਾਇਸੈਂਸ ਜਾਰੀ ਕਰ ਦਿੱਤਾ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅਸਲਾ ਲਾਇਸੈਂਸ ਜਾਰੀ ਕਰਨ ਵਾਲੇ ਆਈ ਏ ਐੱਸ ਅਧਿਕਾਰੀ ਦੇ ਹਵਾਲੇ ਨਾਲ ਮੁੱਖ ਸਕੱਤਰ ਪੰਜਾਬ ਨੂੰ ਘੇਰਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਸਲਾ ਲਾਇਸੈਂਸ ਜਾਰੀ ਕਰਨ ਵਾਲੇ ਆਈ ਏ ਐੱਸ ਅਧਿਕਾਰੀ ਨੂੰ ਮੁੱਖ ਸਕੱਤਰ ਨੇ ਆਪਣਾ ਓ ਐੱਸ ਡੀ ਲਾਇਆ ਹੈ। ਉਨ੍ਹਾਂ ਦੋਸ਼ ਲਾਏ ਕਿ ਅਸਲ 'ਚ ਇਸ ਅਧਿਕਾਰੀ ਨੂੰ ਤਰੱਕੀ ਦਿੱਤੀ ਗਈ।

## ਪੰਜਾਬ ਆਏ ਅਮਿਤ ਸ਼ਾਹ ਦਾ ਬਿਆਨ, ਅੱਜ ਦਾ ਦੁਸਹਿਰਾ ਮੈਂ ਸਾਰੀ ਜ਼ਿੰਦਗੀ ਨਹੀਂ ਭੁੱਲਾਂਗਾ

ਸਾਂਝੀ ਖ਼ਬਰ

(ਸੰਦੀਪ ਸਿੰਘ)
ਲੁਧਿਆਣਾ/ਮਾਨਸਾ,
20 ਅਕਤੂਬਰ

ਪੰਜਾਬ ਵਿਚ ਨਸ਼ਾ ਪੀੜਤ ਵੱਖ-ਵੱਖ ਪਰਿਵਾਰਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਅਮਿਤ ਸ਼ਾਹ ਨੇ ਕਿਹਾ ਕਿ ਅੱਜ ਦਾ ਦੁਸਹਿਰਾ ਉਹ ਸਾਰੀ ਜ਼ਿੰਦਗੀ ਨਹੀਂ ਭੁਲਾ ਸਕਣਗੇ। ਉਨ੍ਹਾਂ ਕਿਹਾ ਕਿ ਅੱਜ ਮੈਂ ਗੁਰਦਾਸਪੁਰ, ਸੰਗਰੂਰ, ਮਾਨਸਾ ਜਾ ਕੇ ਆਇਆ ਹਾਂ। ਗੁਰਦਾਸਪੁਰ ਵਿਚ 40 ਸਾਲਾ ਬਿਕਰਮਜੀਤ ਸਿੰਘ, ਸੰਗਰੂਰ ਵਿਚ ਗੁਲਜ਼ਾਰ ਸਿਘ, ਮਾਨਸਾ ਵਿਚ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਤਿੰਨਾਂ ਦਾ ਨਸ਼ੇ ਖਿਲਾਫ ਲੜਾਈ ਕਾਰਣ ਜਾਂ ਤਾਂ ਕਤਲ ਹੋਇਆ ਜਾਂ ਉਹ ਆਤਮ-ਹੱਤਿਆ ਕਰ ਗਏ। ਸ਼ਾਹ ਨੇ ਕਿਹਾ ਕਿ ਦੇਸ਼ ਦਾ ਗ੍ਰਹਿ ਮੰਤਰੀ ਹੋਣ ਦੇ ਨਾਤੇ ਮੈਂ ਦੇਸ਼ ਭਰ ਵਿਚ ਕਈ ਪੀੜਤ ਪਰਿਵਾਰਾਂ ਨੂੰ ਮਿਲਿਆ ਪਰ ਮੈਂ ਅੱਜ ਪੰਜਾਬ ਦੇ ਲੋਕਾਂ ਦਾ ਦਰਦ ਸੁਣ ਕੇ ਜਿੰਨਾ ਦੁਖੀ ਹਾਂ ਇਨਾ ਕਦੇ ਨਹੀਂ ਹੋਇਆ। ਸਿਰਫ ਇਹੋ ਪਰਿਵਾਰ ਨਹੀਂ ਸਗੋਂ ਚਿੱਟੇ ਤੋਂ ਪੀੜਤ ਵੱਡੀ ਗਿਣਤੀ ਲੋਕ ਉਨ੍ਹਾਂ ਦੇ ਘਰਾਂ ਦੇ ਬਾਹਰ ਇਕੱਠੇ ਹੋਏ ਸਨ, ਜਿਨ੍ਹਾਂ ਸਿਰਫ ਇਹ ਮੰਗ ਸੀ ਕਿ ਉਨ੍ਹਾਂ ਨੂੰ ਇਨਸਾਫ ਚਾਹੀਦਾ ਹੈ। ਸ਼ਾਹ ਨੇ ਕਿਹਾ ਕਿ ਦਿੱਲੀ 'ਚ ਬੈਠ ਕੇ ਕਾਗਜ਼ੀ ਰਿਪੋਰਟਾਂ ਰਾਹੀਂ ਜਿਹੜੇ ਹਾਲਾਤ ਪੰਜਾਬ ਵਿਚ ਪਤਾ ਲੱਗਦੇ ਸੀ, ਉਹ ਅਸਲ ਸੱਚਾਈ ਤੋਂ ਕਿਤੇ ਦੂਰ ਹਨ। ਅੱਜ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹਨ। ਉਨ੍ਹਾਂ ਕਿਹਾ ਕਿ ਨਸ਼ੇ ਕਾਰਣ ਪੰਜਾਬ ਅੰਦਰ ਕਿਸੇ ਨੇ ਭਰਾ, ਕਿਸੇ ਨੇ ਪਤੀ ਤੇ ਕਿਸੇ ਨੇ ਪੁੱਤ ਗਵਾ ਲਿਆ, ਕੀ ਆਮ ਆਦਮੀ ਪਾਰਟੀ ਦੀ ਸਰਕਾਰ ਕੋਲ ਇਨ੍ਹਾਂ ਦਾ ਕੋਈ ਜਵਾਬ ਹੈ। ਸ਼ਾਹ ਨੇ ਕਿਹਾ ਕਿ ਮੈਂ ਜਦੋਂ ਪਹਿਲਾਂ ਪੰਜਾਬ ਆਇਆ ਸੀ ਤਾਂ ਮੈਂ ਭਾਜਪਾ ਦੀ ਨਸ਼ਾ ਮੁਕਤ ਪੰਜਾਬ ਦੀ ਰੈਲੀ ਨੂੰ ਸੰਬੋਧਨ ਕੀਤਾ ਸੀ, ਮੈਂ ਆਇਆ ਸੀ ਨਸ਼ੇ ਦੇ ਕਾਰੋਬਾਰ ਖਤਮ ਕਰਨ ਦੀ ਅਪੀਲ ਕਰਨ ਪਰ ਉਲਟਾ ਮੇਰੇ ਉਪਰ ਹੀ ਦੋਸ਼ ਲਗਾਏ ਗਏ।

ਉਨ੍ਹਾਂ ਕਿਹਾ ਕਿ ਅੱਜ ਵੀ ਮੈਂ ਪੀੜਤ ਲੋਕਾਂ ਨਾਲ ਦੁੱਖ ਪ੍ਰਗਟ ਕਰਨ ਆਇਆ ਸੀ ਪਰ ਅੱਜ ਵੀ ਮੇਰੇ ਲਈ ਅਪਸ਼ਬਦ ਬੋਲੇ ਗਏ। ਮੈਨੂੰ ਜੋ ਮਰਜ਼ੀ ਕਹੋ ਪਰ ਚਿੱਟੇ ਦੇ ਕਾਰੋਬਾਰ ਨੂੰ ਤਾਂ ਖਤਮ ਕਰੋ। ਪੰਜਾਬ ਸਰਕਾਰ ਅਤੇ ਉਨ੍ਹਾਂ ਦੇ ਮੁਖੀਆ ਯਾਦ ਰੱਖਣ ਤੁਸੀਂ ਤਿੰਨ ਮਹੀਨਿਆਂ ਵਿਚ ਨਸ਼ਾ ਖਤਮ ਕਰਨ ਦਾ ਵਾਅਦਾ ਕਰਕੇ ਗੱਦੀ 'ਤੇ ਬੈਠੇ ਸੀ ਪਰ ਪੰਜ ਸਾਲਾਂ ਵਿਚ ਨਸ਼ਾ ਨਿਰੰਤਰ ਵਧਿਆ ਹੈ, ਤੁਹਾਡੇ ਸਿਪਾਹੀ ਤੱਕ ਨਸ਼ੇ ਨਾਲ ਫੜੇ ਜਾ ਰੇਹੇ ਹਨ। ਦਿੱਲੀ ਵਿਚ ਹਰ ਵਿਅਕਤੀ ਦੀ ਆਜ਼ਾਦੀ ਦੀ ਗੱਲ ਕਰਨ ਵਾਲੇ ਅੱਜ ਚੁੱਪ ਕਿਉਂ ਹਨ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸ਼ਰਮ ਆਉਣੀ ਚਾਹੀਦੀ ਹੈ, ਇਹ ਸਾਡੇ ਉਪਰ ਦੋਸ਼ ਲਗਾਉਂਦੇ ਹਨ ਕਿ ਗੁਜਰਾਤ ਦੀ ਬੰਦਰਗਾਹ ਤੋਂ ਡਰੱਗ ਆਉਂਦਾ ਹੈ,



ਹੁਣ ਤਕ ਇਨ੍ਹਾਂ ਬੰਦਰਗਾਹਾਂ ਤੋਂ ਅਸੀਂ 20 ਹਜ਼ਾਰ ਕਰੋੜ ਰੁਪਏ ਦਾ ਡਰੱਗ ਫੜਿਆ ਹੈ। ਤੁਸੀਂ ਕੀ ਚਾਹੁੰਦੇ ਹੋ ਕਿ ਅਸੀਂ ਨਸ਼ਾ ਨਾ ਫੜੀਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੱਸੇ ਕਿ ਨੌਜਵਾਨਾਂ ਦੇ ਹੱਥਾਂ ਵਿਚ ਚਿੱਟੇ ਦੀਆਂ ਪੁੜੀਆਂ ਕਿਸ ਤਰ੍ਹਾਂ ਪਹੁੰਚ ਰਹੀਆਂ ਹਨ। ਇਹ ਰਾਜਨੀਤੀਕ ਮਿਲੀਭੁਗਤ ਤੋਂ ਬਿਨਾਂ ਸੰਭਵ ਨਹੀਂ।

ਸ਼ਾਹ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਰਵਿੰਦਰ ਝੋਟਾ ਕਤਲ ਮਾਮਲੇ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪ ਕੇ ਚੰਗਾ ਕੰਮ ਕੀਤਾ ਹੈ। ਕੋਈ ਵੀ ਮੁਲਜ਼ਮ ਹੋਵੇ, ਅਸੀਂ ਪਾਤਾਲ ਤੋਂ ਵੀ ਕੱਢ ਕੇ ਸਜ਼ਾ ਦੇਵਾਂਗੇ। ਮੁੱਖ ਮੰਤਰੀ ਨੂੰ ਬੇਨਤੀ ਹੈ ਕਿ ਉਹ ਬਾਕੀ ਦੋ ਕੇਸ ਵੀ ਸੀ. ਬੀ. ਆਈ. ਨੂੰ ਸੌਂਪ ਦੇਣ, ਉਨ੍ਹਾਂ ਦੇ ਪਰਿਵਾਰ ਵੀ ਇਹੋ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਨਾ ਤਾਂ ਤੁਹਾਡਾ ਇਰਾਦਾ ਹੈ, ਨਾ ਤੁਸੀਂ ਗੰਭੀਰ ਹੋ ਤੇ ਨਾ ਹੀ ਤੁਹਾਨੂੰ ਨਸ਼ਾ ਖਤਮ ਕਰਨਾ ਆਉਂਦਾ ਹੈ। ਮੈਂ ਅੱਜ ਪੰਜਾਬ ਦੀ ਜਨਤਾ ਨੂੰ ਕੁਝ ਸਵਾਲ ਉਨ੍ਹਾਂ ਸਾਹਮਣੇ ਰੱਖਣਾ ਚਾਹੁੰਦਾ ਹਾਂ। ਸ਼ਾਹ ਨੇ ਦੋਸ਼ ਲਗਾਇਆ ਕਿ ਸਿਆਸੀ ਆਗੂਆਂ ਦੀ ਪੁਸ਼ਤਪਨਾਹੀ ਨਾਲ ਹੀ ਨੌਜਵਾਨਾਂ ਦੇ ਹੱਥਾਂ ਵਿਚ ਨਸ਼ਾ ਆ ਰਿਹਾ ਹੈ, ਹਰ ਜ਼ਿਲ੍ਹੇ ਵਿਚ ਨਸ਼ੇ ਦੇ ਕਾਰੋਬਾਰੀਆਂ ਨੂੰ ਪੁਸ਼ਤ-ਪਨਾਹੀ ਦੇਣ ਲਈ ਗਿਰੋਹ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਨਾਂ ਤਾਂ ਪੰਜਾਬ ਦੀ ਜਨਤਾ ਨੂੰ ਤੁਹਾਡੇ ਤੋਂ ਕੋਈ ਉਮੀਦ ਹੈ ਤੇ ਨਾ ਮੈਨੂੰ ਹੈ। ਮੈਂ ਫਿਰ ਵਾਅਦਾ ਕਰਦਾ ਹਾਂ ਕਿ 31 ਦਸੰਬਰ 2029 ਤਕ ਅਸੀਂ ਪੰਜਾਬ ਵਿਚੋਂ ਨਸ਼ੇ ਦੇ ਕਾਰੋਬਾਰ ਨੂੰ ਸਮਾਪਤ ਕਰ ਦੇਵਾਂਗੇ, ਜੇ ਕੋਈ ਨਸ਼ੇ ਦਾ ਕਾਰੋਬਾਰ ਵਧਾਉਣ ਦਾ ਕੰਮ ਕਰੇਗਾ ਤਾਂ ਉਸ ਨੂੰ ਮੋਦੀ ਸਰਕਾਰ ਜੇਲ੍ਹ ਵਿਚ ਸੁੱਟੇਗੀ। ਮੋਦੀ ਸਰਕਾਰ ਨਸ਼ਾ ਮੁਕਤ ਭਾਰਤ ਲਈ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪੰਜਾਬ ਫੇਰੀ 'ਤੇ ਸਵਾਲ ਚੁੱਕਦਿਆਂ ਭਾਜਪਾ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸ਼ਾਸਿਤ ਸੂਬਿਆਂ ਵਿੱਚ ਗੈਂਗਸਟਰ ਤੇ ਨਸ਼ਾ ਵਧ-ਫੁੱਲ ਰਿਹਾ ਹੈ ਅਤੇ ਹਰਿਆਣਾ ਗੈਂਗਸਟਰਾਂ ਦੀ ਨਰਸਰੀ ਬਣ ਗਿਆ ਹੈ। ਉਨ੍ਹਾਂ ਅੱਜ ਵੀਡੀਓ ਸੁਨੇਹੇ ਵਿੱਚ ਕਿਹਾ ਕਿ ਜਦੋਂ ਦਿੱਲੀ ਅੰਦੋਲਨ ਵਿੱਚ ਪੰਜਾਬ ਦੇ 700 ਕਿਸਾਨ ਸ਼ਹੀਦ ਹੋ ਗਏ ਸਨ ਤਾਂ ਉਸ ਵੇਲੇ ਅਮਿਤ ਸ਼ਾਹ ਉਨ੍ਹਾਂ ਪਰਿਵਾਰਾਂ ਨਾਲ ਦੁੱਖ ਵੰਡਾਉਣ ਕਿਉਂ ਨਹੀਂ ਆਏ ਸਨ। ਉਨ੍ਹਾਂ ਕਿਹਾ ਕਿ ਭਾਜਪਾ ਚੋਣਾਂ ਕਰਕੇ ਹੁਣ ਹੋਛੀ ਸਿਆਸਤ 'ਤੇ ਉੱਤਰ ਆਈ ਹੈ।

## ਪਰਵਿੰਦਰ ਝੋਟਾ ਕਤਲਕਾਂਡ ਦੀ ਹੋਵੇਗੀ ਸੀ. ਬੀ. ਆਈ. ਜਾਂਚ - ਸੀ.ਐਮ ਮਾਨ

ਸਾਂਝੀ ਖ਼ਬਰ

(ਗੁਰਜੀਤ ਕੌਰ)
ਚੰਡੀਗੜ੍ਹ/ਪਟਿਆਲਾ,
20 ਅਕਤੂਬਰ

ਮਾਨਸਾ ਵਿਚ ਨਸ਼ਿਆਂ ਖ਼ਿਲਾਫ਼ ਲੜਾਈ ਲੜ ਰਹੇ ਪਰਵਿੰਦਰ ਸਿੰਘ ਝੋਟਾ ਮਾਮਲੇ ਦੀ ਸੀ. ਬੀ. ਆਈ. ਜਾਂਚ ਹੋਵੇਗੀ। ਪੰਜਾਬ ਸਰਕਾਰ ਨੇ ਝੋਟੇ ਦੇ ਪਰਿਵਾਰ ਦੀ ਮੰਗ ਮੰਨਦਿਆਂ ਇਹ ਮਾਮਲਾ ਸੀ. ਬੀ. ਆਈ. ਨੂੰ ਸੌਂਪਣ ਦਾ ਫ਼ੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਸ਼ਲ ਮੀਡੀਆ ਰਾਹੀਂ ਇਹ ਜਾਣਕਾਰੀ ਸਾਂਝੀ




ਕੀਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕਿਹਾ ਕਿ ਉਹ ਨਸ਼ਿਆਂ ਖਿਲਾਫ਼ ਲੜ ਰਹੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਹਰ ਸਮੇਂ ਡੱਟ ਕੇ ਖੜ੍ਹੇ ਹਨ। ਇਸ ਲਈ ਉਹ ਪਰਿਵਾਰ ਦੀ ਮੰਗ ਨੂੰ ਪ੍ਰਵਾਨ ਕਰਦੇ ਹੋਏ ਇਹ ਕੇਸ CBI ਨੂੰ ਸੌਂਪ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਖਿਲਾਫ਼ ਸਾਡੀ ਲੜਾਈ ਆਰ-ਪਾਰ ਦੀ ਹੈ ਤੇ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਜੋ ਵੀ ਸਖ਼ਤ ਕਦਮ ਚੁੱਕਣਾ ਪਿਆ, ਅਸੀਂ ਪਿੱਛੇ ਨਹੀਂ ਹਟਾਂਗੇ।

## ਪੰਜਾਬ 'ਚ ਅੱਜ ਤੋਂ ਨਹੀਂ ਚੱਲਣਗੀਆਂ ਸਰਕਾਰੀ ਬੱਸਾਂ ਪੀ. ਆਰ. ਟੀ. ਸੀ. ਮੁਲਾਜ਼ਮਾਂ ਨੇ ਕਰ ਦਿੱਤਾ ਵੱਡਾ ਐਲਾਨ

ਸਾਂਝੀ ਖ਼ਬਰ

(ਸੁਖਜੀਤ ਕੌਰ)
ਚੰਡੀਗੜ੍ਹ/ਬਰਨਾਲਾ,

20 ਅਕਤੂਬਰ :ਪੰਜਾਬ 'ਚ ਸਰਕਾਰੀ ਬੱਸਾਂ ਦਾ ਸਫ਼ਰ ਕਰਨ ਵਾਲਿਆਂ ਲਈ ਅਹਿਮ ਖ਼ਬਰ ਸਾਹਮਣੇ ਆਈ ਹੈ। ਦਰਅਸਲ ਪੰਜਾਬ ਰੋਡਵੇਜ਼, ਪੀ. ਆਰ. ਟੀ. ਸੀ. ਅਤੇ ਪਨਬੱਸ ਦੇ ਕੱਚੇ ਮੁਲਾਜ਼ਮਾਂ ਨੇ 21 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਮੁਲਾਜ਼ਮ ਜੱਥੇਬੰਦੀ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਲੰਬੇ ਸਮੇਂ ਤੋਂ ਮੀਟਿੰਗਾਂ ਦੌਰਾਨ ਮੰਗਾਂ ਮੰਨਣ ਦੇ ਭਰੋਸੇ ਦਿੱਤੇ ਜਾ ਰਹੇ ਹਨ, ਪਰ ਉਨ੍ਹਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾ ਰਿਹਾ। ਇਸ ਕਾਰਨ ਮੁਲਾਜ਼ਮਾਂ ਨੂੰ ਮਜਬੂਰੀ 'ਚ ਹੜਤਾਲ ਦਾ ਰਾਹ ਅਖ਼ਤਿਆਰ




ਕਰਨਾ ਪੈ ਰਿਹਾ ਹੈ। ਹੜਤਾਲ ਦੇ ਮੱਦੇਨਜ਼ਰ 20 ਅਕਤੂਬਰ ਦੀ ਦੁਪਹਿਰ ਤੋਂ ਹੀ ਬੱਸਾਂ ਨੂੰ ਰਾਤ ਦੀਆਂ ਡਿਊਟੀਆਂ ਲਈ ਬਾਹਰ ਨਾ ਭੇਜਣ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਸ਼ੁਰੂ ਕੀਤੇ ਜਾਣ ਦੀ ਗੱਲ ਕਹੀ ਗਈ ਹੈ। ਪੰਜਾਬ ਰੋਡਵੇਜ਼ ਪੀ. ਆਰ. ਟੀ. ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਸਰਕਾਰ ਨਾਲ ਕਈ ਵਾਰ ਮੀਟਿੰਗਾਂ ਹੋ ਚੁੱਕੀਆਂ ਹਨ। ਹਰ ਵਾਰ ਸਰਕਾਰ ਵੱਲੋਂ ਕੁੱਝ ਦਿਨਾਂ ਦਾ ਸਮਾਂ ਮੰਗ ਕੇ ਮਾਮਲੇ ਨੂੰ ਅੱਗੇ ਪਾ ਦਿੱਤਾ ਜਾਂਦਾ ਹੈ। ਉਨ੍ਹਾਂ ਮੁਤਾਬਕ ਟਰਾਂਸਪੋ-ਰਟ ਵਿਭਾਗ ਨਾਲ ਸਬੰਧਿਤ ਮੰਗਾਂ ਨੂੰ ਲੈ ਕੇ ਪਿਛਲੇ ਲਗਭਗ 6 ਮਹੀਨਿਆਂ ਦੌਰਾਨ ਸੱਤ ਤੋਂ ਅੱਠ ਮੀਟਿੰਗਾਂ ਹੋਈਆਂ, ਪਰ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। ਮੁਲਾਜ਼ਮਾਂ ਦੀਆਂ ਮੁੱਖ ਮੰਗਾਂ 'ਚ ਆਊਟਸੋਰਸਿੰਗ ਪ੍ਰਥਾ ਨੂੰ ਖ਼ਤਮ ਕਰਨਾ ਅਤੇ ਠੇਕੇਦਾਰਾਂ ਅਤੇ ਵਿਚੋਲਿਆਂ ਦੀ ਭੂਮਿਕਾ ਨੂੰ ਖ਼ਤਮ ਕਰਨਾ ਸ਼ਾਮਲ ਹੈ। ਰੇਸ਼ਮ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਵਿਧਾਨ ਸਭਾ 'ਚ ਇਹ ਗੱਲ ਕਹੀ ਗਈ ਸੀ ਕਿ ਠੇਕੇਦਾਰਾਂ ਨੂੰ ਵਿਚੋਂ ਹਟਾ ਕੇ ਮੁਲਾਜ਼ਮਾਂ ਨੂੰ ਸਿੱਧੇ ਸਰਕਾਰ ਦੇ ਅਧੀਨ ਲਿਆਂਦਾ ਜਾਵੇਗਾ ਪਰ ਯੂਨੀਅਨ ਦਾ ਦਾਅਵਾ ਹੈ ਕਿ ਅਜੇ ਤੱਕ ਇਸ ਸਬੰਧੀ ਉਮੀਦ ਮੁਤਾਬਕ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਪੱਸ਼ਟ ਨੋਟੀਫਿਕੇਸ਼ਨ ਜਾਰੀ ਕਰਨਾ ਚਾਹੀਦਾ ਹੈ, ਜਿਸ ਰਾਹੀਂ ਠੇਕੇਦਾਰਾਂ ਅਤੇ ਵਿਚੋਲਿਆਂ ਦੀ ਭੂਮਿਕਾ ਖ਼ਤਮ ਕਰਕੇ ਮੁਲਾਜ਼ਮਾਂ ਨੂੰ ਸਿੱਧੇ ਵਿਭਾਗ ਦੇ ਅਧੀਨ ਲਿਆਂਦਾ ਜਾਵੇ। ਹੜਤਾਲ ਦੇ ਮੱਦੇਨਜ਼ਰ 21 ਅਕਤੂਬਰ ਤੋਂ ਸਰਕਾਰੀ ਬੱਸਾਂ 'ਚ ਸਫ਼ਰ ਕਰਨ ਵਾਲੇ ਲੋਕਾਂ ਨੂੰ ਪਰੇਸ਼ਾਨੀ ਝੱਲਣੀ ਪੈ ਸਕਦੀ ਹੈ।

# ਸ਼੍ਰੀਮਦ ਭਾਗਵਤ ਕਥਾ ਦੇ ਪੰਜਵੇਂ ਦਿਨ ਵਿਜੇਦਸ਼ਮੀ ਮੌਕੇ ਬਾਲ ਗੋਪਾਲ ਅਤੇ ਲਾਲੀ (ਰਾਧਾ ਰਾਣੀ) ਦਾ ਅਲੌਕਿਕ ਮਿਲਾਪ





**ਪੂਜਯ ਇੰਦਰੈਸ਼ ਮਹਾਰਾਜ ਜੀ ਨੇ ਸੁਣਾਈਆਂ ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਬਾਲ ਲੀਲਾਵਾਂ, ਮਹਾਮੰਡਲੇਸ਼ਵਰ ਸਵਾਮੀ ਅਵਧੇਸ਼ਾਨੰਦ ਗਿਰੀ ਜੀ ਮਹਾਰਾਜ ਦੇ ਸੰਦੇਸ਼ 'ਕਥਾ ਨੂੰ ਸੁਣਿਆ ਨਹੀਂ, ਪੀਤਾ ਜਾਂਦਾ ਹੈ' ਨੂੰ ਕੀਤਾ ਯਾਦ**

ਪੀ ਐਸ ਮਿੱਠਾ
ਚੰਡੀਗੜ੍ਹ, 20 ਅਕਤੂਬਰ

ਸੈਕਟਰ-34 ਦੇ ਮੇਲਾ ਗਰਾਊਂਡ ਵਿੱਚ ਆਯੋਜਿਤ ਸ਼੍ਰੀਮਦ ਭਾਗਵਤ ਕਥਾ ਦੇ ਪੰਜਵੇਂ ਦਿਨ ਵਿਜੇਦਸ਼ਮੀ ਦੇ ਪਵਿੱਤਰ ਮੌਕੇ 'ਤੇ ਸ਼ਰਧਾ ਅਤੇ ਭਗਤੀ ਦਾ ਅਦਭੁੱਤ ਮਾਹੌਲ ਦੇਖਣ ਨੂੰ ਮਿਲਿਆ। 'ਜੈ ਵਰਿੰਦਾਵਨ ਬਿਹਾਰੀ ਲਾਲ ਕੀ' ਦੇ ਜੈਕਾਰਿਆਂ ਨਾਲ ਗੂੰਜਦੇ ਪੰਡਾਲ ਵਿੱਚ ਕਥਾ ਵਿਆਸ ਪੂਜਯ ਸ਼੍ਰੀ ਇੰਦਰੈਸ਼ ਮਹਾਰਾਜ ਜੀ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਦਿਵਯ ਬਾਲ ਲੀਲਾਵਾਂ, ਬਾਲ ਗੋਪਾਲ ਅਤੇ ਲਾਲੀ (ਸ਼੍ਰੀ ਰਾਧਾ ਰਾਣੀ) ਦੇ ਅਲੌਕਿਕ ਮਿਲਾਪ ਅਤੇ ਦਧੀ ਉਤਸਵ ਦੇ ਪ੍ਰਸੰਗਾਂ ਦਾ ਭਾਵਪੂਰਨ ਵਰਣਨ ਕੀਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਰਹੇ ਅਤੇ ਪ੍ਰਭੂ ਭਗਤੀ ਵਿੱਚ ਲੀਨ ਨਜ਼ਰ ਆਏ। ਪੂਜਯ ਇੰਦਰੈਸ਼ ਮਹਾਰਾਜ ਜੀ ਨੇ ਸਾਰੇ ਸ਼ਰਧਾਲੂਆਂ ਅਤੇ ਸ਼ਹਿਰ ਵਾਸੀਆਂ ਨੂੰ ਵਿਜੇਦਸ਼ਮੀ ਦੀਆਂ ਦਿਲੋਂ ਵਧਾਈਆਂ ਦਿੱਤੀਆਂ। ਇਸ ਮੌਕੇ ਮਨੀਸ਼ ਬਜਾਜ ਜੀ ਵੀ ਮੌਜੂਦ ਰਹੇ। ਸਮਾਗਮ ਦਾ ਮੰਚ ਸੰਚਾਲਨ ਸੰਦੀਪ ਚੁਗ ਨੇ ਕੀਤਾ।

**ਬਾਲ ਗੋਪਾਲ ਅਤੇ ਲਾਲੀ ਦੇ ਦਿਵਯ ਮਿਲਾਪ ਦਾ ਭਾਵਪੂਰਨ ਪ੍ਰਸੰਗ**

ਵਿਜੇਦਸ਼ਮੀ ਦੇ ਵਿਸ਼ੇਸ਼ ਮਹੱਤਵ ਬਾਰੇ ਚਾਨਣਾ ਪਾਉਂਦਿਆਂ ਪੂਜਯ ਇੰਦਰੈਸ਼ ਮਹਾਰਾਜ ਜੀ ਨੇ ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਬਾਲ ਲੀਲਾਵਾਂ ਦਾ ਵਰਣਨ ਕੀਤਾ। ਉਨ੍ਹਾਂ ਦੱਸਿਆ ਕਿ ਵਿਜੇਦਸ਼ਮੀ ਦੇ ਦਿਨ ਬਾਲ ਕ੍ਰਿਸ਼ਨ ਆਪਣੇ ਮੱਥੇ 'ਤੇ ਤਿਲਕ ਲਗਾ ਕੇ ਘੋੜੇ ਦੀ ਸਵਾਰੀ ਕਰਦਿਆਂ ਆਪਣੀ ਲਾਲੀ, ਅਰਥਾਤ ਕਿਸ਼ੋਰੀ ਜੀ ਸ਼੍ਰੀ ਰਾਧਾ ਰਾਣੀ ਨੂੰ ਮਿਲਣ ਲਈ ਅਟਾਰੀ 'ਤੇ ਜਾਂਦੇ ਹਨ।

ਮਹਾਰਾਜ ਜੀ ਨੇ ਦੱਸਿਆ ਕਿ ਜਦੋਂ ਠਾਕੁਰ ਜੀ ਦੀ ਉਮਰ ਸਿਰਫ਼ ਤਿੰਨ ਤੋਂ ਚਾਰ ਸਾਲ ਸੀ, ਉਸ ਸਮੇਂ ਵਿਜੇਦਸ਼ਮੀ ਦੇ ਪਵਿੱਤਰ ਮੌਕੇ 'ਤੇ ਠਾਕੁਰ ਜੀ ਅਤੇ ਕਿਸ਼ੋਰੀ ਜੀ ਦਾ ਪਹਿਲਾ ਅਲੌਕਿਕ ਮਿਲਾਪ ਹੋਇਆ ਸੀ। ਇਸ ਪ੍ਰਸੰਗ ਨੂੰ ਸੁਣ ਕੇ ਸ਼ਰਧਾਲੂ ਭਾਵੁਕ ਹੋ ਗਏ ਅਤੇ ਪੂਰਾ ਪੰਡਾਲ ਰਾਧੇ-ਕ੍ਰਿਸ਼ਨ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।

**ਭਗਤੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਦਧੀ ਉਤਸਵ**

ਕਥਾ ਦੇ ਪੰਜਵੇਂ ਦਿਨ ਦਧੀ ਉਤਸਵ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਬਾਲ ਲੀਲਾਵਾਂ ਨਾਲ ਜੁੜੇ ਇਸ ਉਤਸਵ ਦੌਰਾਨ ਸ਼ਰਧਾਲੂ ਭਜਨਾਂ ਦੀਆਂ ਮਿੱਠੀਆਂ ਧੁਨਾਂ 'ਤੇ ਝੂਮਦੇ ਨਜ਼ਰ ਆਏ। ਪੂਰਾ ਮਾਹੌਲ ਕ੍ਰਿਸ਼ਨਮਈ ਹੋ ਗਿਆ ਅਤੇ ਸ਼ਰਧਾਲੂਆਂ ਨੇ ਭਗਤੀ, ਪ੍ਰੇਮ ਅਤੇ ਆਨੰਦ ਦੇ ਇਸ ਉਤਸਵ ਵਿੱਚ ਉਤਸ਼ਾਹ ਨਾਲ ਭਾਗ ਲਿਆ।

**ਮਹਾਮੰਤਰ ਵਿੱਚ ਸ਼੍ਰੀ ਕ੍ਰਿਸ਼ਨ ਅਤੇ ਸ਼੍ਰੀ ਰਾਮ ਦੇ ਨਾਵਾਂ ਦਾ ਅਧਿਆਤਮਿਕ ਰਹੱਸ**

ਪੂਜਯ ਇੰਦਰੈਸ਼ ਮਹਾਰਾਜ ਜੀ ਨੇ 16 ਨਾਵਾਂ ਵਾਲੇ ਮਹਾਮੰਤਰ 'ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ, ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ, ਹਰੇ ਰਾਮ ਹਰੇ ਰਾਮ, ਰਾਮ ਰਾਮ ਹਰੇ ਹਰੇ' ਦੀ ਮਹਿਮਾ ਸਮਝਾਉਂਦਿਆਂ ਦੱਸਿਆ ਕਿ ਇਸ ਵਿੱਚ ਲੀਲਾ ਪੁਰਸ਼ੋਤਮ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਨਾਮ ਪਹਿਲਾਂ ਅਤੇ ਮਰਿਆਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਦਾ ਨਾਮ ਬਾਅਦ ਵਿੱਚ ਕਿਉਂ ਆਉਂਦਾ ਹੈ।

ਉਨ੍ਹਾਂ ਸਮਝਾਇਆ ਕਿ ਭਗਵਾਨ ਦੇ ਨਾਮ ਦਾ ਸਿਮਰਨ ਮਨੁੱਖ ਦੇ ਜੀਵਨ ਵਿੱਚ ਪਵਿੱਤਰਤਾ ਅਤੇ ਅਧਿਆਤਮਿਕ ਚੇਤਨਾ ਦਾ ਸੰਚਾਰ ਕਰਦਾ ਹੈ। ਕਲਿਯੁਗ ਵਿੱਚ ਮਨੁੱਖ ਦੀਆਂ ਸੀਮਾਵਾਂ ਅਤੇ ਕਮੀਆਂ ਨੂੰ ਧਿਆਨ ਵਿੱਚ ਰੱਖਦਿਆਂ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਨਾਮ ਨੂੰ ਪਹਿਲਾ ਸਥਾਨ ਦਿੱਤਾ ਗਿਆ ਹੈ, ਤਾਂ ਜੋ ਹਰ ਵਿਅਕਤੀ ਸਹਿਜ ਭਾਵ ਨਾਲ ਪ੍ਰਭੂ ਦੇ ਨਾਮ ਦਾ ਆਸਰਾ ਲੈ ਕੇ ਭਗਤੀ ਦੇ ਮਾਰਗ 'ਤੇ ਅੱਗੇ ਵਧ ਸਕੇ।

**ਵਿਜੇਦਸ਼ਮੀ: ਅਧਰਮ 'ਤੇ ਧਰਮ ਦੀ ਜਿੱਤ ਦਾ ਪ੍ਰਤੀਕ**

ਵਿਜੇਦਸ਼ਮੀ ਦੇ ਮਹੱਤਵ ਬਾਰੇ ਦੱਸਦਿਆਂ ਮਹਾਰਾਜ ਜੀ ਨੇ ਭਗਵਾਨ ਸ਼੍ਰੀ ਰਾਮ ਦੀ ਜਿੱਤ ਦਾ ਪ੍ਰਸੰਗ ਸੁਣਾਇਆ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਬੁਰਾਈ 'ਤੇ ਚੰਗਿਆਈ, ਅਧਰਮ 'ਤੇ ਧਰਮ ਅਤੇ ਝੂਠ 'ਤੇ ਸੱਚ ਦੀ ਜਿੱਤ ਦਾ ਸੰਦੇਸ਼ ਦਿੰਦਾ ਹੈ। ਭਗਵਾਨ ਸ਼੍ਰੀ ਰਾਮ ਦੀ ਜਿੱਤ ਨੂੰ ਯਾਦ ਕਰਦਿਆਂ ਉਨ੍ਹਾਂ ਸ਼ਰਧਾਲੂਆਂ ਨੂੰ ਆਪਣੇ ਜੀਵਨ ਵਿੱਚ ਸੱਚਾਈ, ਮਰਿਆਦਾ, ਸਦਾਚਾਰ ਅਤੇ ਧਰਮ ਦੇ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

**ਮਹਾਮੰਡਲੇਸ਼ਵਰ ਸਵਾਮੀ ਅਵਧੇਸ਼ਾਨੰਦ ਗਿਰੀ ਜੀ ਮਹਾਰਾਜ ਦਾ ਸੰਦੇਸ਼: "ਕਥਾ ਨੂੰ ਸੁਣਿਆ ਨਹੀਂ, ਪੀਤਾ ਜਾਂਦਾ ਹੈ"**

ਸੰਤਾਂ ਦੇ ਵਿਚਾਰਾਂ ਦਾ ਜ਼ਿਕਰ ਕਰਦਿਆਂ ਪੂਜਯ ਇੰਦਰੈਸ਼ ਮਹਾਰਾਜ ਜੀ ਨੇ ਕਥਾ ਸੁਣਨ ਦੀ ਅਸਲ ਭਾਵਨਾ ਨੂੰ ਸਮਝਾਇਆ। ਜੂਨਾ ਪੀਠਾਧੀਸ਼ਵਰ ਮਹਾਮੰਡਲੇਸ਼ਵਰ ਸਵਾਮੀ ਅਵਧੇਸ਼ਾਨੰਦ ਗਿਰੀ ਜੀ ਮਹਾਰਾਜ ਦੇ ਬਚਨਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ, "ਕਥਾ ਨੂੰ ਸੁਣਿਆ ਨਹੀਂ ਜਾਂਦਾ, ਕਥਾ ਨੂੰ ਪੀਤਾ ਜਾਂਦਾ ਹੈ।"

ਉਨ੍ਹਾਂ ਸਮਝਾਇਆ ਕਿ ਆਮ ਗੱਲਾਂ ਸੁਣਨ ਲਈ ਹੁੰਦੀਆਂ ਹਨ, ਪਰ ਭਗਵਤ ਕਥਾ ਆਤਮਾ ਨੂੰ ਅਧਿਆਤਮਿਕ ਆਨੰਦ ਪ੍ਰਦਾਨ ਕਰਨ ਦਾ ਮਾਧਿਅਮ ਹੈ। ਕਥਾ ਦੇ ਸੰਦੇਸ਼ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ ਜੀਵਨ ਵਿੱਚ ਅਪਣਾਉਣਾ ਹੀ ਸੱਚੀ ਭਗਤੀ ਹੈ।

**ਗਊ ਮਾਤਾ ਦੀ ਸੇਵਾ ਅਤੇ ਸਨਮਾਨ ਲਈ ਅੱਗੇ ਆਉਣ ਦੀ ਅਪੀਲ**

ਪੂਜਯ ਇੰਦਰੈਸ਼ ਮਹਾਰਾਜ ਜੀ ਨੇ ਗਊ ਮਾਤਾ ਦੀ ਰੱਖਿਆ, ਸੇਵਾ ਅਤੇ ਸਨਮਾਨ ਦੇ ਮਹੱਤਵ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਸ਼ਰਧਾਲੂਆਂ ਨੂੰ ਗਊ ਮਾਤਾ ਦੀ ਸੁਰੱਖਿਆ ਪ੍ਰਤੀ ਜਾਗਰੂਕ ਹੋਣ ਅਤੇ ਇਸ ਪਵਿੱਤਰ ਕਾਰਜ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸਿੱਧੇ ਤੌਰ 'ਤੇ ਗਊ ਸੇਵਾ ਕਰਨ ਦੇ ਸਮਰੱਥ ਨਹੀਂ ਹਨ, ਉਹ 'ਗਊ ਸਨਮਾਨ ਅਭਿਆਨ' ਨਾਲ ਜੁੜ ਕੇ ਵੀ ਯੋਗਦਾਨ ਪਾ ਸਕਦੇ ਹਨ।

ਮਹਾਰਾਜ ਜੀ ਨੇ ਜਾਣਕਾਰੀ ਦਿੱਤੀ ਕਿ ਆਉਣ ਵਾਲੀ 17 ਦਸੰਬਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ ਗਊ ਸਨਮਾਨ ਅਭਿਆਨ ਤਹਿਤ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਸ਼ਰਧਾਲੂਆਂ ਨੂੰ ਸੋਸ਼ਲ ਮੀਡੀਆ ਰਾਹੀਂ ਇਸ ਅਭਿਆਨ ਦਾ ਸੰਦੇਸ਼ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਅਤੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਸਹਿਯੋਗ ਦੇਣ ਦੀ ਅਪੀਲ ਕੀਤੀ।

ਸ਼੍ਰੀਮਦ ਭਾਗਵਤ ਕਥਾ ਦਾ ਪੰਜਵਾਂ ਦਿਨ ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਬਾਲ ਲੀਲਾਵਾਂ, ਰਾਧਾ-ਕ੍ਰਿਸ਼ਨ ਦੇ ਦਿਵਯ ਪ੍ਰੇਮ, ਦਧੀ ਉਤਸਵ ਦੀ ਖੁਸ਼ੀ ਅਤੇ ਗਊ ਸੇਵਾ ਦੇ ਸੰਦੇਸ਼ ਨਾਲ ਭਗਤੀਮਈ ਮਾਹੌਲ ਵਿੱਚ ਸੰਪੰਨ ਹੋਇਆ। ਮੌਜੂਦ ਸ਼ਰਧਾਲੂਆਂ ਨੇ ਪ੍ਰਭੂ ਨਾਮ ਦਾ ਸੰਕੀਰਤਨ ਕਰਦਿਆਂ ਪ੍ਰੇਮ, ਸੇਵਾ, ਧਰਮ ਅਤੇ ਸਦਾਚਾਰ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਗ੍ਰਹਿਣ ਕੀਤਾ। ਇਸ ਮੌਕੇ ਮਨੀਸ਼ ਬਜਾਜ ਜੀ ਵੀ ਮੌਜੂਦ ਰਹੇ। ਸਮਾਗਮ ਦਾ ਮੰਚ ਸੰਚਾਲਨ ਸੰਦੀਪ ਚੁਗ ਨੇ ਕੀਤਾ।

# ਸੱਚ!ਓ.ਐਸ.ਡੀ ਦੀ ਕੁਰਸੀ,ਪੰਜਾਬ ਨਾਲੋਂ ਵੱਧ ਪਿਆਰੀ ਹੈ ਸਰਕਾਰ ਨੂੰ ?




ਪੰਜਾਬ ਸਰਕਾਰ ਰਾਤੋ-ਰਾਤ ਜਾਗ ਜਾਂਦੀ ਹੈ, ਜੇ ਗੱਲ ਆਪਣੇ ਓ.ਐਸ.ਡੀ ਰਾਜਬੀਰ ਸਿੰਘ ਘੁੰਮਣ ਦੀ ਹੋਵੇ । ਰਾਤ ਨੂੰ ਹੁਕਮ ਆਉਂਦਾ ਹੈ, ਸਵੇਰੇ ਵਕੀਲ ਦਿੱਲੀ ਹੁੰਦਾ ਹੈ, ਸੁਪਰੀਮ ਕੋਰਟ ਦਾ ਬੂਹਾ ਖੜਕ ਜਾਂਦਾ ਹੈ। ਕੁਰਸੀ ਦਾ ਮਾਮਲਾ ਹੋਵੇ ਤਾਂ ਸਰਕਾਰ ਨੂੰ ਸੰਵਿਧਾਨ ਵੀ ਯਾਦ ਆ ਜਾਂਦਾ ਹੈ, ਫੈਡਰਲਿਜ਼ਮ ਵੀ ਯਾਦ ਆ ਜਾਂਦਾ ਹੈ । ਪਰ ਜਦੋਂ ਗੱਲ ਪੰਜਾਬ ਦੇ 50 ਕਿਲੋਮੀਟਰ ਦੀ ਹੋਵੇ , ਤਾਂ ਇਹੀ ਸਰਕਾਰ ਕੁੰਭਕਰਨੀ ਨੀਂਦ ਸੌਂ ਜਾਂਦੀ ਹੈ ਤੇ ਨਸ਼ੇ ਬਾਬਤ ਕੇਂਦਰ ਸਰਕਾਰ ਤੇ ਉਂਗਲ ਉਠਾਉਂਦੀ ਹੈ । 11 ਅਕਤੂਬਰ 2021 ਨੂੰ ਕੇਂਦਰ ਸਰਕਾਰ ਨੇ ਇੱਕ ਕਾਗਜ਼ 'ਤੇ ਲਿਖ ਕੇ ਪੰਜਾਬ ਦੀ ਅੱਧੀ ਧਰਤੀ ਬੀ.ਐਸ.ਐਫ ਹਵਾਲੇ ਕਰ ਦਿੱਤੀ,15 ਤੋਂ 50 ਕਿਲੋਮੀਟਰ । ਮਤਲਬ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਤਰਨਤਾਰਨ, ਫਾਜ਼ਿਲਕਾ ਦੇ ਸ਼ਹਿਰ, ਪਿੰਡ, ਥਾਣੇ ਸਭ ਕੇਂਦਰ ਦੇ ਬੂਟਾਂ ਹੇਠ । ਉਸ ਵੇਲੇ ਚੰਨੀ ਸਰਕਾਰ 11 ਦਸੰਬਰ 2021 ਨੂੰ ਸੁਪਰੀਮ ਕੋਰਟ ਗਈ । ਉਸ ਤੋਂ ਬਾਅਦ ਕੀ ਹੋਇਆ ? 1 ਦਸੰਬਰ 2023 ਨੂੰ ਚੰਦਰਚੂੜ ਸਾਹਿਬ ਦੀ ਬੈਂਚ ਨੇ ਪੁੱਛਿਆ ਕਿ ਦੱਸੋ ਤੁਹਾਡਾ ਕੀ ਨੁਕਸਾਨ ਹੋਇਆ । ਉਸ ਦਿਨ ਤੋਂ ਬਾਅਦ ਫਾਈਲ ਧੂੜ ਖਾ ਰਹੀ ਹੈ । 2024 ਲੰਘ ਗਿਆ, 2025 ਲੰਘ ਗਿਆ , 2026 ਦਾ ਅਕਤੂਬਰ ਆ ਗਿਆ । ਪੰਜਾਬ ਦੀ ਆਪ ਸਰਕਾਰ, ਜੋ ਹਰ ਗੱਲ 'ਤੇ ਕਹਿੰਦੀ ਹੈ ਕਿ "ਪੰਜਾਬ ਸਰਕਾਰ ਹਮੇਸ਼ਾ ਆਖਦੀ ਹੈ ਸੂਬੇ ਵਿੱਚ ਨਸ਼ਾ ਕੇਂਦਰ ਸਰਕਾਰ ਦੀ ਅਣਗਹਿਲੀ ਕਾਰਨ ਆ ਰਿਹੈ " ਪਰ ਇਸ ਕੇਸ 'ਚ ਤਰੀਕ 'ਤੇ ਤਰੀਕ ਲੈ ਰਹੀ ਹੈ। ਸਵਾਲ ਸਿੱਧਾ ਹੈ: ਜੇ ਓ.ਐਸ.ਡੀ ਲਈ ਸੁਪਰੀਮ ਕੋਰਟ ਦਾ ਰਸਤਾ 12 ਘੰਟੇ 'ਚ ਲੱਭ ਜਾਂਦਾ ਹੈ, ਤਾਂ ਪੰਜਾਬ ਦੇ ਹੱਕਾਂ ਲਈ 5 ਸਾਲ 'ਚ ਇੱਕ ਅਰਜ਼ੀ ਕਿਉਂ ਨਹੀਂ ਲੱਗਦੀ ? ਇਹ 50 ਕਿਲੋਮੀਟਰ ਸਿਰਫ ਜ਼ਮੀਨ ਨਹੀਂ, ਇਹ ਪੰਜਾਬ ਦੀ ਪੁਲਿਸ, ਪੰਜਾਬ ਦੀ ਸੱਤਾ, ਪੰਜਾਬ ਦੇ ਸੰਘੀ ਹੱਕਾਂ ਦਾ ਸਵਾਲ ਹੈ । ਅੱਜ ਬੀ.ਐਸ.ਐਫ ਬਾਰਡਰ ਨੇੜਲੇ ਪਿੰਡਾਂ ''ਚ ਵੜ ਕੇ ਤਲਾਸ਼ੀ ਲੈਂਦੀ ਹੈ , ਕੱਲ੍ਹ ਨੂੰ ਕਹੇਗੀ ਮੁਕੱਦਮਾਂ ਵੀ ਉਹੀ ਦਰਜ ਕਰੇਗੀ । ਅਸਲੋਂ ਸਰਕਾਰ ਨੂੰ ਆਪਣਾਂ ਹੀ ਪਾਲਾ ਮਾਰੀ ਜਾਂਦਾ ਹੈ ਜਿਸ ਕਾਰਨ ਨਸਿਆਂ ਦੇ ਮੁੱਦੇ ਤੇ ਕੇਂਦਰ ਦੇ ਮੋਢੇ ਰੱਖ ਚਲਾਈ ਜਾ ਰਹੀ ਹੈ ਤੇ ਸੂਬੇ ਦੇ ਅਧਿਕਾਰਾਂ ਦੀ ਲੜਾਈ ਲੜਨ ਦੇ ਅਸਮਰਥ ਹੈ, ਬੱਸ ਓ.ਐਸ.ਡੀ ਘੁੰਮਣ ਦੀ ਕੁਰਸੀ ਪਿਆਰੀ ਹੈ,ਪੰਜਾਬ ਦੀ ਹੱਦ ਨਾਲ ਕੋਈ ਵਾਸਤਾ ਨਹੀਂ ?

ਪੱਤਰਕਾਰ
ਬਲਦੇਵ ਸਿੰਘ ਜਨੂਹਾ,
98148 24215.

# ਖੂਨਦਾਨ ਕੌਮੀ ਏਕਤਾ ਦਾ ਨਿਸ਼ਾਨ' ਨਾਅਰੇ ਰਾਹੀਂ ਮਨੁੱਖਤਾ ਦੀ ਸੇਵਾ ਦਾ ਦਿੱਤਾ ਜਾਵੇਗਾ ਸੰਦੇਸ਼ : ਡਾ. ਅਜੇ ਬੱਗਾ

**ਖੂਨਦਾਨ ਕੌਮੀ ਏਕਤਾ ਅਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ ਦੇ ਸਬੰਧ ਵਿੱਚ ਖੂਨਦਾਨੀਆਂ ਨੂੰ ਵੰਡੇ ਜਾਣਗੇ ਵਿਸ਼ੇਸ਼ ਕੀ-ਰਿੰਗ**

(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 20 ਅਕਤੂਬਰ

ਸਮਾਜਿਕ ਜਾਗਰੂਕਤਾ ਲਈ ਕਾਰਜਸ਼ੀਲ ਸੰਸਥਾ 'ਸਵੇਰਾ' ਦੇ ਕਨਵੀਨਰ ਅਤੇ ਸੈਂਚੁਰੀਅਨ ਖੂਨਦਾਨੀ ਡਾ. ਅਜੇ ਬੱਗਾ ਨੇ ਸਮਾਜ ਵਿੱਚ ਪਿਆਰ, ਆਪਸੀ ਭਾਈਚਾਰਕ ਸਾਂਝ ਅਤੇ ਕੌਮੀ ਏਕਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ 'ਖੂਨਦਾਨ ਕੌਮੀ ਏਕਤਾ ਦਾ ਨਿਸ਼ਾਨ' ਦਾ ਪ੍ਰੇਰਨਾਦਾਇਕ ਨਾਅਰਾ ਦਿੱਤਾ ਹੈ। ਇਸ ਮੁਹਿੰਮ ਰਾਹੀਂ ਲੋਕਾਂ ਨੂੰ ਖੂਨਦਾਨ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਵਿੱਚ ਏਕਤਾ, ਸਦਭਾਵਨਾ ਅਤੇ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੱਤਾ ਜਾਵੇਗਾ। ਇਸੇ ਉਪਰਾਲੇ ਤਹਿਤ ਖੂਨਦਾਨੀਆਂ ਨੂੰ ਵਿਸ਼ੇਸ਼ ਕੀ-ਰਿੰਗ ਵੀ ਵੰਡੇ ਜਾਣਗੇ, ਤਾਂ ਜੋ ਇਹ ਨਾਅਰਾ ਲੋਕਾਂ ਤੱਕ ਪਹੁੰਚੇ ਅਤੇ ਵੱਧ ਤੋਂ ਵੱਧ ਲੋਕ ਖੂਨਦਾਨ ਲਈ ਪ੍ਰੇਰਿਤ ਹੋਣ।



ਖੂਨਦਾਨੀਆਂ ਨੂੰ ਕੀ-ਰਿੰਗ ਵੰਡਣ ਮੌਕੇ ਡਾ. ਅਜੇ ਬੱਗਾ ਨੇ ਕਿਹਾ ਕਿ ਖੂਨਦਾਨ ਸਿਰਫ਼ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਉਣ ਦਾ ਸਾਧਨ ਹੀ ਨਹੀਂ, ਸਗੋਂ ਇਹ ਮਨੁੱਖਤਾ, ਆਪਸੀ ਪਿਆਰ ਅਤੇ ਸਮਾਜਿਕ ਏਕਤਾ ਦੀ ਇੱਕ ਮਜ਼ਬੂਤ ਮਿਸਾਲ ਵੀ ਹੈ। ਖੂਨ ਦਾ ਕੋਈ ਧਰਮ, ਜਾਤ, ਭਾਸ਼ਾ ਜਾਂ ਫਿਰਕਾ ਨਹੀਂ ਹੁੰਦਾ। ਜਦੋਂ ਕਿਸੇ ਲੋੜਵੰਦ ਮਰੀਜ਼ ਨੂੰ ਖੂਨ ਦੀ ਜ਼ਰੂਰਤ ਪੈਂਦੀ ਹੈ ਤਾਂ ਖੂਨਦਾਨੀ ਵੱਲੋਂ ਦਿੱਤਾ ਗਿਆ ਖੂਨ ਉਸ ਲਈ ਨਵੀਂ ਜ਼ਿੰਦਗੀ ਦੀ ਉਮੀਦ ਬਣ ਜਾਂਦਾ ਹੈ। ਇਸ ਤਰ੍ਹਾਂ ਖੂਨਦਾਨ ਮਨੁੱਖਾਂ ਵਿਚਕਾਰਲੀਆਂ ਵੰਡੀਆਂ ਨੂੰ ਖ਼ਤਮ ਕਰਕੇ ਆਪਸੀ ਸਾਂਝ ਅਤੇ ਬਰਾਬਰੀ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ।

ਡਾ. ਬੱਗਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਸਮਾਜ ਨੂੰ ਨਫ਼ਰਤ, ਵੈਰ-ਵਿਰੋਧ ਅਤੇ ਵੰਡੀਆਂ ਦੀ ਬਜਾਏ ਪਿਆਰ, ਸਹਿਯੋਗ ਅਤੇ ਭਾਈਚਾਰਕ ਏਕਤਾ ਦੀ ਵਧੇਰੇ ਲੋੜ ਹੈ। ਖੂਨਦਾਨ ਵਰਗੇ ਸਮਾਜ ਸੇਵੀ ਕਾਰਜ ਲੋਕਾਂ ਨੂੰ ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਅਤੇ ਮਨੁੱਖਤਾ ਨੂੰ ਸਭ ਤੋਂ ਉੱਪਰ ਰੱਖਣ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਹਰ ਤੰਦਰੁਸਤ ਅਤੇ ਯੋਗ ਵਿਅਕਤੀ ਨੂੰ ਆਪਣੀ ਸਮਰੱਥਾ ਅਨੁਸਾਰ ਖੂਨਦਾਨ ਲਈ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਕਿਸੇ ਲੋੜਵੰਦ ਦੀ ਜਾਨ ਬਚਾਉਣ ਤੋਂ ਵੱਡੀ ਹੋਰ ਕੋਈ ਸੇਵਾ ਨਹੀਂ ਹੋ ਸਕਦੀ।

ਉਨ੍ਹਾਂ ਅਪੀਲ ਕੀਤੀ ਕਿ ਖੂਨਦਾਨ ਨੂੰ ਸਿਰਫ਼ ਇੱਕ ਸਮਾਜਿਕ ਜ਼ਿੰਮੇਵਾਰੀ ਹੀ ਨਹੀਂ, ਸਗੋਂ ਮਨੁੱਖਤਾ ਪ੍ਰਤੀ ਆਪਣੇ ਫ਼ਰਜ਼ ਵਜੋਂ ਅਪਣਾਇਆ ਜਾਵੇ। 'ਖੂਨਦਾਨ ਕੌਮੀ ਏਕਤਾ ਦਾ ਨਿਸ਼ਾਨ' ਨਾਅਰੇ ਨੂੰ ਘਰ-ਘਰ ਪਹੁੰਚਾ ਕੇ ਇੱਕ ਅਜਿਹਾ ਸਮਾਜ ਸਿਰਜਣ ਲਈ ਯਤਨ ਕੀਤੇ ਜਾਣ, ਜਿੱਥੇ ਹਰ ਵਿਅਕਤੀ ਦੂਜੇ ਦੀ ਜਾਨ ਬਚਾਉਣ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਤਿਆਰ ਰਹੇ।

# ਪੁਲਿਸ ਤੇ ਨਸ਼ਾ ਤਸੱਕਰਾਂ ਵਿਚਕਾਰ ਮੁਕਾਬਲਾ , ਦੋ ਮੁਲਜਮ ਗ੍ਰਿਫਤਾਰ , 40 ਲੱਖ ਦਾ 200 ਗਰਾਮ ਚਿੱਟਾ ਬਰਾਮਦ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

20 ਅਕਤੂਬਰ : ਬੀਤੇ ਸੋਮਵਾਰ ਦੇਰ ਸ਼ਾਮ ਜਿਲਾ ਪੁਲਿਸ ਤੇ ਨਸ਼ਾ ਤਸੱਕਰਾਂ ਵਿਚਾਲੇ ਮੁਕਾਬਲਾ ਹੋਇਆ। ਜਿਸ ਵਿਚ ਇਕ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਜਦ ਕਿ ਦੂਜੇ ਦੋਸ਼ੀ ਨੂੰ ਅੱਜ ਸਵੇਰੇ ਲੱਤ ਵਿਚ ਗੋਲੀ ਮਾਰ ਕੇ ਗ੍ਰਿਫਤਾਰ ਕਰ ਲਿਆ ਗਿਆ। ਜਿਲਾ ਪੁਲਿਸ ਕਪਤਾਨ ਚੰਦਰਮੋਹਨ ਦੀ ਯੋਗ ਅਗਵਾਈ ਹੇਠ ਸ਼ਾਹਬਾਦ ਪੁਲਿਸ ਨੇ ਨਸ਼ਾ ਤਸੱਕਰ ਗੌਰਵ ਨਿਵਾਸੀ ਜੰਦੇੜੀ ਨੂੰ ਕਾਬੂ ਕਰ ਲਿਆ। ਦੋਸ਼ੀ ਦੀ ਕਾਰ ਦੀ ਤਲਾਸ਼ੀ ਲੈਣ ਤੇ ਕਾਰ ਵਿਚੋਂ ਲੱਗਭਗ 40 ਲੱਖ ਰੁਪਏ ਦੀ ਕੀਮਤ ਦਾ 200 ਗਰਾਮ ਚਿੱਟਾ ਬਰਾਮਦ ਹੋਇਆ। ਅੱਜ ਮੰਗਲਵਾਰ ਸਵੇਰੇ ਹੋਏ ਪੁਲਿਸ ਮੁਕਾਬਲੇ ਵਿਚ ਜਖਮੀ ਹੋਏ ਸੰਜੂ ਨਿਵਾਸੀ ਕੈਥਲ ਨੂੰ ਕਾਬੂ ਕਰ ਕੇ ਹਸਪਤਾਲ ਦਾਖਲ ਕਰਾਇਆ ਗਿਆ। ਜਾਣਕਾਰੀ ਦਿੰਦੇ ਹੋਏ ਸ਼ਾਹਬਾਦ ਪੁਲਿਸ ਦੇ ਥਾਣਾ ਇੰਚਾਰਜ ਇੰਸਪੈਕਟਰ ਸੁਰਿੰਦਰ ਸਿੱਧੂ ਨੇ ਦਿੱਸਆ ਕਿ 19 ਅਕਤੂਬਰ ਦੀ ਸ਼ਾਮ ਨੂੰ ਪੀ ਐਸ ਆਈ ਮੰਗੇ ਰਾਮ ਦੀ ਇਕ ਪੁਲਿਸ ਟੀਮ ਗਸ਼ਤ ਕਰ ਰਹੀ ਸੀ ਕਿ ਪੁਲਿਸ ਟੀਮ ਨੂੰ ਸੂਚਨਾ ਮਿਲੀ ਕਿ ਜੰਦੇੜੀ ਦਾ ਰਹਿਣ ਵਾਲਾ ਗੌਰਵ ਤੇ ਕੈਥਲ ਦਾ ਰਹਿਣ ਵਾਲਾ ਸੰਜੂ ਸਮੇਕ ਦੀ ਤਸੱਕਰੀ ਦਾ ਕੰਮ ਕਰਦੇ ਹਨ। ਉਹ ਅੱਜ ਜੰਦੇੜੀ ਪਿੰਡ ਤੋਂ ਸ਼ਾਹਬਾਦ ਅਨਾਜ ਮੰਡੀ ਰਾਹੀਂ ਆਪਣੀ ਕਾਰ ਨੰਬਰਐਚ ਆਰ 33 ਸੀ 1435 ਵਿਚ ਸ਼ਾਹਬਾਦ ਆ ਰਹੇ ਹਨ ਜੇਕਰ ਨਾਕਾਬੰਦੀ ਕੀਤੀ ਜਾਏ ਤਾਂ ਉਨਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪੁਲਿਸ ਨੇ ਸੂਚਨਾ ਦੇ ਆਧਾਰ ਤੇ ਜੰਦੇੜੀ ਰੋਡ ਤੇ ਨਹਿਰ ਕੋਲ ਪੁੱਜੀ ਤੇ ਨਾਕਾਬੰਦੀ ਸ਼ੁਰੂ ਕਰ ਦਿੱਤੀ। ਥੋੜੀ ਦੇਰ ਬਾਅਦ ਪੁਲਿਸ ਨੂੰ ਇਕ ਕਾਰ ਆਉਂਦੀ ਦਿਖਾਈ ਦਿੱਤੀ । ਜਦੋਂ ਪੁਲਿਸ ਟੀਮ ਨੇ ਕਾਰ ਨੂੰ ਰੋਕਣ ਤੇ ਮੁਲਜਮਾਂ ਨੂੰ ਫੜਨ ਦੀ ਕੌਸ਼ਿਸ਼ ਕੀਤੀ ਤਾਂ ਡਰਾਈਵਰ ਵਾਲੇ ਪਾਸੇ ਬੈਠੇ ਇਕ ਨੌਜੁਆਨ ਨੇ ਪੁਲਿਸ ਟੀਮ ਤੇ ਗੋਲੀਆਂ ਚਲਾ ਦਿੱਤੀਆਂ। ਮੁਲਜਮਾਂ ਵਲੋਂ ਕੀਤੀ ਗੋਲੀਬਾਰੀ ਵਿਚ ਪੁਲਿਸ ਅਧਿਕਾਰੀ ਵਾਲ ਵਾਲ ਬਚ ਗਿਆ। ਪੁਲਿਸ ਟੀਮ ਨੇ ਵੀ ਜੁਆਬੀ ਕਾਰਵਾਈ ਵਿਚ ਮੁਲਜਮਾਂ ਨੂੰ ਚੇਤਾਵਨੀ ਦਿੰਦੇ ਹੋਏ ਉਨਾਂ ਤੇ ਗੋਲੀਆਂ ਚਲਾਈਆਂ ਪੁਲਿਸ ਟੀਮ ਤੇ ਗੋਲੀਆਂ ਚਲਾਉਣ ਵਾਲਾ ਮੁਲਜਮ ਖੇਤਾਂ ਵਲ ਭੱਜ ਗਿਆ। ਕਾਰ ਚਾਲਕ ਨੂੰ ਫੜ ਲਿਆ ਗਿਆ ਤੇ ਤਲਾਸ਼ੀ ਲੈਣ ਤੇ ਕਾਰ ਵਿਚੋਂ ਲੱਗਭਗ 40 ਲੱਖ ਰੁਪਏ ਕੀਮਤ ਦਾ 200 ਗਰਾਮ ਚਿੱਟਾ ਬਰਾਮਦ ਹੋਇਆ। ਪੁਲਿਸ ਨੇ ਮੁਲਜਮਾਂ ਖਿਲਾਫ ਥਾਣਾ ਸ਼ਾਹਬਾਦ ਵਿਚ ਕੇ ਦਰਜ ਕਰ ਲਿਆ ਹੈ। ਉਨਾਂ ਦਿੱਸਆ ਕਿ ਪੁਲਿਸ ਟੀਮ ਗੋਲੀਬਾਰੀ ਕਰਨ ਵਾਲੇ ਆਰੋਪੀ ਦੀ ਭਾਲ ਕਰ ਰਹੀ ਸੀ ਕਿ ਉਨਾਂ ਨੇ ਮੁਲਜਮ ਨੂੰ ਮਾਰਕੰਡਾ ਨਦੀ ਦੇ ਨੇੜੇ ਦੇਖਿਆ ਪੁਲਿਸ ਨੇ ਉਸ ਨੂੰ ਰੁਕਣ ਦੀ ਚੇਤਾਵਨੀ ਦਿੱਤੀ ਪਰ ਮੁਲਜਮ ਨੇ ਪੁਲਿਸ ਤੇ ਦੋ ਗੋਲੀਆਂ ਚਲਾਈਆਂ ਤੇ ਜਵਾਬੀ ਕਾਰਵਾਈ ਵਿਚ ਪੁਲਿਸ ਟੀਮ ਦੀ ਗੋਲੀ ਮੁਲਜਮ ਸੰਜੂ ਨਿਵਾਸੀ ਕੈਥਲ ਦੀ ਲੱਤ ਵਿਚ ਲੱਗੀ ਤੇ ਉਸ ਨੂੰ ਕਾਬੂ ਕਰ ਲਿਆ। ਮੁਲਜਮ ਕੋਲੋਂ ਇਕ ਦੇਸੀ ਪਿਸਤੌਲ ਬਰਾਮਦ ਹੋਇਆ ਤੇ ਉਸ ਨੂੰ ਤੁਰੰਤ ਆਦੇਸ਼ ਹਸਪਤਾਲ ਦਾਖਲ ਕਰਾਇਆ ਜਿਥੇ ਉਸ ਦਾ ਇਲਾਜ ਚਲ ਰਿਹਾ ਹੈ। ਦੋਸ਼ੀ ਗੌਰਵ ਖਿਲਾਫ ਹਿਮਾਚਲ-ਪ੍ਰਦੇਸ਼,ਸ਼ਾਹਬਾਦ ਤੇ ਬਾਬੈਨ ਥਾਣਿਆਂ ਵਿਚ ਅਸਲਾ ਐਕਟਤੇ ਐਨ ਡੀ ਪੀ ਐਸ ਐਕਟ ਦੇ ਛੇ ਮਾਮਲੇ ਦਰਜ ਹਨ।



# ਡਿਪਟੀ ਡਾਇਰੈਕਟਰ ਨਿਸ਼ਾਂਤ ਰਾਠੀ ਨੇ ਬਾਬੈਨ ਅਨਾਜ ਮੰਡੀ ਦਾ ਅਚਨਚੇਤ ਨਿਰੀਖਣ ਕੀਤਾ

**ਸਰਕਾਰੀ ਮਾਪ ਦੰਡਾ ਅਨੁਸਾਰ 17 ਪ੍ਰਤੀਸ਼ਤ ਵਾਲੇ ਝੋਨੇ ਦੇ ਖਰੀਦਣ ਦੇ ਦਿੱਤੇ ਨਿਰਦੇਸ਼,ਲਿਫਟਿੰਗ ਵਿਚ ਤੇਜੀ ਲਿਆਉਣ ਤੇ ਜੋਰ**



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

20 ਅਕਤੂਬਰ : ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਡਿਪਟੀ ਡਾਇਰੈਕਟਰ ਨਿਸ਼ਾਂਤ ਰਾਠੀ ਨੇ ਝੋਨੇ ਦੇ ਸਰਕਾਰੀ ਖਰੀਦ ਪ੍ਰਣਾਲੀ ਦੀ ਸਮੀਖਿਆ ਕਰਨ ਲਈ ਬਾਬੈਨ ਅਨਾਜ ਮੰਡੀ ਦਾ ਅਚਨਚੇਤ ਨਿਰੀਖਣ ਕੀਤਾ। ਉਨਾਂ ਨੇ ਖਰੀਦ, ਤੋਲ, ਲਿਫਟਿੰਗ ਬੋਰੀਆਂ ਦੀ ਉਪਲਭਤਾ ਤੇ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਪੁੱਛ ਗਿੱਛ ਕੀਤੀ। ਇਸ ਦੌਰਾਨ ਉਨਾਂ ਨੇ ਝੋਨੇ ਦੇ ਢੇਰ ਦਾ ਨਿਰੀਖਣ ਕੀਤਾ ਤੇ ਨਮੀ ਮੀਟਰ ਤੇ ਇਲੈਕਟਰਾਨਿਕ ਤੋਲ ਸਕੇਲਾਂ ਨਾਲ ਨਮੀ ਦੀ ਮਾਤਰਾ ਦੀ ਜਾਂਚ ਕੀਤੀ। ਉਨਾਂ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਸਰਕਾਰੀ ਖਰੀਦ ਲਈ ਨਿਰਧਾਰਤ ਮਾਪ ਦੰਡਾ ਅਨੁਸਾਰ ਸਰਕਾਰੀ ਦਰਾਂ ਤੇ 17 ਪ੍ਰਤੀਸ਼ਤ ਤਕ ਨਮੀ ਵਾਲਾ ਝੋਨਾ ਖਰੀਦਣ ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਵਿਚ ਕੋਈ ਮੁਸ਼ਕਿਲ ਨਾ ਆਵੇ। ਰਾਠੀ ਨੇ ਕਿਸਾਨਾਂ ਨੂੰ ਕਿਸੇ ਵੀ ਸਮੱਸਿਆ ਤੋਂ ਬਚੱਣ ਲਈ ਆਪਣੇ ਝੋਨੇ ਨੂੰ ਮੰਡੀ ਵਿਚ ਲਿਆਉਣ ਤੋਂ ਪਹਿਲਾਂ ਚੰਗੀ ਤਰਾਂ ਸਾਫ ਤੇ ਸੁਕਾ ਕੇ ਲਿਆਉਣ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਝੋਨੇ ਦਾ ਹਰ ਦਾਣਾ ਜੋ ਸਾਰੇ ਨਿਰਧਾਰਤ ਮਾਪ ਦੰਡ ਨੂੰ ਪੂਰਾ ਕਰਦਾ ਹੈ ਸਰਕਾਰੀ ਸਮਰਥਨ ਮੁੱਲ ਤੇ ਖਰੀਦਿਆ ਜਾਏਗਾ। ਅਧਿਕਾਰੀਆਂ ਨੂੰ ਵੀ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਖਰੀਦ ਪ੍ਰਕਿਰਿਆ ਦੌਰਾਨ ਕਿਸਾਨਾਂ ਨੂੰ ਬੇਲੋੜੀ ਉਡੀਕ ਨਾ ਕਰਨੀ ਪਵੇ। ਨਿਰੀਖਣ ਦੌਰਾਨ ਉਨਾਂ ਦਿੱਸਆ ਕਿ ਖੁਰਾਕ ਤੇ ਸਪਲਾਈ ਵਿਭਾਗ ਨੇ ਹੁਣ ਤਕ ਬਾਬੈਨ ਅਨਾਜ ਮੰਡੀ ਚ 261780 ਕੁਇੰਟਨ ਝੋਨਾ ਖਰੀਦਿਆ ਹੈ ਤੇ 172991 ਕੁਇੰਟਲ ਝੋਨੇ ਦੀ ਲਿਫਟਿੰਗ ਕੀਤੀ ਗਈ ਹੈ। ਉਨਾਂ ਮੰਡੀ ਚ ਅਧਿਕਾਰੀਆਂ ਨੂੰ ਲਿਫਟਿੰਗ ਦੇ ਕੰਮ ਵਿਚ ਤੇਜੀ ਲਿਆਉਣ ਦੇ ਆਦੇਸ਼ ਦਿੱਤੇ ਤਾਂ ਜੋ ਝੋਨਾ ਲੰਬੇ ਸਮੇਂ ਤਕ ਮੰਡੀ ਵਿਚ ਨਾ ਪਿਆ ਰਹੇ ਤੇ ਕਿਸਾਨਾਂ ਤੇ ਕਮਿਸ਼ਨ ਏਜੰਟਾਂ ਨੂੰ ਕਿਸੇ ਤਰਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਕਿਹਾ ਕਿ ਝੋਨੇ ਦੀ ਖਰੀਦ ਵਿਚ ਕਿਸੇ ਤਰਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਹੋਵੇਗੀ। ਜੇ ਕੋਈ ਅਧਿਕਾਰੀ ਲਾਪਰਵਾਹੀ ਕਰਦਾ ਹੈ ਤਾਂ ਉਸ ਖਿਲਾਫ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਏਗੀ। ਝੋਨੇ ਦੇ ਪੋਰਟਲ ਨੂੰ ਵਧਾਉਣ ਦੀ ਮੰਗ ਤੇ ਮੰਡੀ ਐਸੋਸ਼ੀਏਸ਼ਨ ਦੇ ਚੇਅਰਮੈਨ ਲਾਭ ਸਿੰਘ ਨੇ ਕਿਸਾਨਾਂ ਦੇ ਝੋਨੇ ਦੇ ਪੋਰਟਲ ਦਾ ਮੁੱਦਾ ਉਨਾਂ ਕੋਲ ਉਠਾਇਆ ਉਨਾਂ ਕਿਹਾ ਕਿ ਕਿਸਾਨ ਪ੍ਰਤੀ ਏਕੜ 35 ਕੁਇੰਟਨ ਝੋਨਾ ਪੈਦਾ ਕਰ ਰਹੇ ਹਨ ਜਦ ਕਿ ਸਰਕਾਰ ਨੇ 29 ਕੁਇੰਟਲ ਰੇਟ ਨਿਰਧਾਰਤ ਕੀਤਾ ਹੈ ਤੇ 29 ਕੁਇੰਟਲ ਤੋਂ ਵੱਧ ਝੋਨਾ ਅਜੇ ਮੰਡੀ ਪਿਆ ਹੈ ਜੋ ਬੇਲੋੜੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਉਨਾਂ ਮੰਗ ਕੀਤੀ ਕਿ ਸਰਕਾਰ ਕਿਸਾਨਾਂ ਦੇ ਝੋਨੇ ਦਾ ਪੋਰਟਲ29 ਤੋਂ ਵਧਾ ਕੇ 35 ਕੁਇੰਟਲ ਕਰੇ। ਇਸ ਮੌਕੇ ਕੁਰੂਕਸ਼ੇਤਰ ਦੇ ਡੀ ਐਫ ਐਸ ਸੀ ਨਰੇਸ਼ ਕੁਮਾਰ, ਬ੍ਰਿਜ ਮੋਹਨ ਸ਼ਰਮਾ,ਇੰਸਪੈਕਟਰ ਅਨੂਪ ਕੁਮਾਰ, ਪੁਰਸ਼ੋਤਮ ਸੈਣੀ, ਲਾਭ ਸਿੰਘ, ਜਤਿੰਦਰ ਗਰਗ, ਮਹੇਸ਼ ਕੁਮਾਰ ਸਣੇ ਕਈ ਵਪਾਰੀ ਮੌਜੂਦ ਸਨ।

# ਦੁਸਿਹਰਾ ਹਉਮੇ, ਕ੍ਰੋਧ, ਲੋਭ, ਈਰਖਾ ਤੇ ਨਫਰਤ ਵਰਗੀਆਂ ਬੁਰਾਈਆਂ ਦੇ ਖਾਤਮੇ ਦਾ ਵੀ ਪ੍ਰਤੀਕ : ਭਰਤ ਸੈਣੀ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

20 ਅਕਤੂਬਰ : ਭਾਰਤ ਪਬਲਿਕ ਸੀਨੀਅਰ ਸੰਕੈਡਰੀ ਸਕੂਲ ਵਿਖੇ ਦੁਸਹਿਰੇ ਦਾ ਤਿਉਹਾਰ ਬਹੁਤ ਹੀ ਉਤਸ਼ਾਹ,ਸ਼ਰਧਾ ਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਓਮ ਨਾਥ ਸੈਣੀ ਤੇ ਵਾਈਸ ਚੇਅਰਮੈਨ ਭਰਤ ਸੈਣੀ ਨੇ ਰਾਵਣ ਨੂੰ ਸਾੜਨ ਦੀ ਪਰੰਪਰਾ ਨਿਭਾਈ। ਉਨਾਂ ਵਿਦਿਆਰਥੀਆਂ ਨੂੰ ਭਗਵਾਨ ਸ਼੍ਰੀ ਰਾਮ ਦੇ ਆਦਰਸ਼ਾਂ, ਉਨਾਂ ਦੀ ਸੱਚਾਈ, ਮਾਣ, ਧੀਰਜ ਤੇ ਸਮਰਪਣ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕੀਤਾ। ਉਨਾਂ ਕਿਹਾ ਕਿ ਦੁਸਿਹਰਾ ਨਾ ਸਿਰਫ ਰਾਵਣ ਦੇ ਪੁਤਲੇ ਸਾੜਨ ਦਾ ਤਿਉਹਾਰ ਹੈ ਸਗੋਂ ਆਪਣੇ ਅੰਦਰ ਮੌਜੂਦ ਬੁਰਾਈਆਂ ਜਿਵੇਂ ਕਿ ਹੰਕਾਰ,ਕ੍ਰੋਧ, ਲੋਭ , ਈਰਖਾ ਤੇ ਨਫਰਤ ਨੂੰ ਖਤਮ ਕਰਨ ਦਾ ਪ੍ਰਤੀਕ ਵੀ ਹੈ। ਉਨਾਂ ਕਿਹਾ ਕਿ ਇਹ ਤਿਉਹਾਰ ਤਾਂ ਹੀ ਸਰਥਕ ਹੋਵੇਗਾ ਜਦੋਂ ਸਾਡੇ ਵਿਚਾਰ ਚੰਗੇ ਹੋਣ,ਸਾਡਾ ਆਚਰਣ ਨੇਕ ਹੋਵੇ ਤੇ ਸਾਡੇ ਕੰਮ ਸਮਾਜ ਦੀ ਭਲਾਈ ਲਈ ਹੋਣ।



# ਸੇਂਟ ਸੋਲਜਰ ਸਕੂਲ ਵਿਖੇ ਦੁਸਹਿਰੇ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਸਾਂਝੀ ਖ਼ਬਰ

(ਅਸ਼ਵਨੀ ਸ਼ਰਮਾਂ)
ਜੰਡਿਆਲਾ ਗੁਰੂ

ਸੇਂਟ ਸੋਲਜਰ ਏਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਵਿਖੇ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ, ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਸ਼ਾਨਦਾਰ ਆਡੋਟੋਰੀਅਮ ਵਿੱਚ ਵਿਸ਼ੇਸ਼ ਸਮਾਗਮ ਰੱਖਿਆ ਗਿਆ, ਜਿਸ ਦੌਰਾਨ ਵਿਦਿਆਰਥੀਆਂ ਨੇ ਆਪਣੀ ਸ਼ਾਨਦਾਰ ਅਦਾਕਾਰੀ ਅਤੇ ਪ੍ਰਭਾਵਸ਼ਾਲੀ ਕੋਰੀਓਗ੍ਰਾਫੀ ਰਾਹੀਂ ਰਾਮਾਇਣ ਦੇ ਵੱਖ-ਵੱਖ ਪ੍ਰਸੰਗਾਂ ਨੂੰ ਜੀਵੰਤ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ।ਵਿਦਿਆਰ-ਥੀਆਂ ਵੱਲੋਂ ਭਗਵਾਨ ਸ੍ਰੀ ਰਾਮ ਦੇ ਜੀਵਨ, ਸੰਘਰਸ਼ ਅਤੇ ਰਾਵਣ ਉੱਤੇ ਜਿੱਤ ਦੀ ਗਾਥਾ ਨੂੰ ਬੇਹੱਦ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ। ਰੰਗ-ਬਿਰੰਗੀਆਂ ਪੁਸ਼ਾਕਾਂ, ਦਮਦਾਰ ਅਦਾਕਾਰੀ ਅਤੇ



ਭਾਵਪੂਰਨ ਪੇਸ਼ਕਾਰੀਆਂ ਨੇ ਸਮੁੱਚੇ ਸਕੂਲ ਦੇ ਮਾਹੌਲ ਨੂੰ ਤਿਉਹਾਰੀ ਰੰਗ ਵਿੱਚ ਰੰਗ ਦਿੱਤਾ। ਇਸ ਪੇਸ਼ਕਾਰੀ ਰਾਹੀਂ ਵਿਦਿਆਰਥੀਆਂ ਨੇ ਸੰਦੇਸ਼ ਦਿੱਤਾ ਕਿ ਹੰਕਾਰ, ਝੂਠ ਅਤੇ ਬੁਰਾਈ ਭਾਵੇਂ ਕਿੰਨੀ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਅੰਤ ਵਿੱਚ ਜਿੱਤ ਹਮੇਸ਼ਾ ਸੱਚਾਈ, ਨੇਕੀ ਅਤੇ ਧਰਮ ਦੀ ਹੀ ਹੁੰਦੀ ਹੈ। ਇਸ ਦੇ ਨਾਲ ਵਿਦਿਆਰਥੀਆਂ ਨੂੰ ਇਸ ਤਿਉਹਾਰ ਸਬੰਧੀ ਸਪੈਸ਼ਲ ਆਰਟ ਐਂਡ ਕਰਾਫਟ ਦੀ ਐਕਟੀਵਿਟੀ ਵੀ ਕਰਵਾਈ ਗਈ। ਜਿਸ ਦੌਰਾਨ ਵਿਦਿਆਰਥੀਆਂ ਨੇ ਰਾਮਾਇਣ ਨਾਲ ਸੰਬੰਧਿਤ ਪਾਤਰਾਂ ਦੇ ਸ਼ਾਨਦਾਰ ਸਕੈਚ ਤਿਆਰ ਕੀਤੇ।

ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਅਤੇ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦੁਸਹਿਰਾ ਸਿਰਫ਼ ਇੱਕ ਤਿਉਹਾਰ ਹੀ ਨਹੀਂ, ਸਗੋਂ ਮਨੁੱਖ ਨੂੰ ਆਪਣੇ ਅੰਦਰ ਛੁਪੀਆਂ ਬੁਰਾਈਆਂ, ਹੰਕਾਰ, ਈਰਖਾ ਅਤੇ ਨਕਾਰਾਤਮਕ ਸੋਚ ਦਾ ਤਿਆਗ ਕਰਕੇ ਸੱਚਾਈ ਅਤੇ ਇਨਸਾਨੀਅਤ ਦੇ ਰਾਹ ਉੱਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ.ਅਮਰਪ੍ਰੀਤ ਕੌਰ ਜੀ ਨੇ ਵਿਦਿਆਰਥੀਆਂ ਨੂੰ ਭਗਵਾਨ ਸ੍ਰੀ ਰਾਮ ਜੀ ਦੇ ਆਦਰਸ਼ਾਂ ਤੋਂ ਸੇਧ ਲੈ ਕੇ ਜੀਵਨ ਵਿੱਚ ਸੱਚਾਈ, ਸਬਰ, ਹਿੰਮਤ, ਨਿਮਰਤਾ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਓਹਨਾਂ ਕਿਹਾ ਕਿ ਹਰ ਮਨੁੱਖ ਦੇ ਅੰਦਰ ਇੱਕ ਰਾਵਣ ਵੀ ਹੈ ਅਤੇ ਇੱਕ ਰਾਮ ਵੀ, ਫ਼ੈਸਲਾ ਸਾਡਾ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਕਿਸ ਨੂੰ ਜਿਤਾਉਣਾ ਹੈ। ਓਹਨਾ ਸਮੂਹ ਸਟਾਫ਼, ਵਿਦਿਆਰਥੀਆਂ ਤੇ ਮਾਪਿਆਂ ਨੂੰ ਦੁਸਹਿਰੇ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ।।

ਇਹ ਸਮਾਗਮ ਵਿਦਿਆਰਥੀਆਂ ਲਈ ਭਾਰਤੀ ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੁੜਨ ਦਾ ਇੱਕ ਯਾਦਗਾਰੀ ਅਤੇ ਪ੍ਰੇਰਨਾਦਾਇਕ ਅਨੁਭਵ ਸਾਬਤ ਹੋਇਆ।

# ਕਾਂਗਰਸੀ ਵਰਕਰਾਂ ਨੇ ਕੀਤਾ ਰੋਸ ਪ੍ਰਦਰਸ਼ਨ, ਵੋਟ ਚੋਰ ਗੱਦੀ ਛੋੜ ਦੇ ਨਾਅਰਿਆਂ ਨਾਲ ਬਾਜਾਰ ਗੂੰਜਿਆ

ਸਾਂਝੀ ਖ਼ਬਰ

**ਮੁੱਖ ਚੋਣ ਕਮਿਸ਼ਨਰ ਦੇ ਅਸਤੀਫੇ ਦੀ ਮੰਗ ਕਰਦੇ ਹੋਏ ਬਾਬੈਨ ਦੇ ਮੁੱਖ ਚੌਂਕ ਤੋਂ ਤਹਿਸੀਲ ਦਫਤਰ ਤਕ ਕਢਿੱਆ ਰੋਸ ਮਾਰਚ**




ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

20 ਅਕਤੂਬਰ : ਬਲਾਕ ਕਾਂਗਰਸ ਬਾਬੈਨ ਵਲੋਂ ਆਯੋਜਿਤ ਲੋਕਤੰਤਰ ਬਚਾਓ ਦੇਸ਼ ਬਚਾਓ ਤੇ ਵੋਟ ਚੋਰ ਗੱਦੀ ਛੋੜ ਮੁਹਿੰਮਾਂ ਦਾ ਹਿੱਸੇ ਵਜੋਂ ਕਾਂਗਰਸੀ ਕਾਰਕੁੰਨਾਂ ਨੇ ਬਾਬੈਨ ਵਿਚ ਕਾਂਗਰਸੀ ਵਿਧਾਇਕ ਨਿਰਮਲ ਸਿੰਘ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ। ਕਾਂਗਰਸੀ ਵਰਕਰ ਬਾਬੈਨ ਦੀ ਪੁਰਾਣੀ ਅਨਾਜ ਮੰਡੀ ਵਿਚ ਇੱਕਠੇ ਹੋਏ ਤੇ ਉਥੋਂ ਮੁੱਖ ਬਜਾਰ ਰਾਹੀਂ ਤਹਿਸੀਲ ਕੰਪਲੈਕਸ ਵਿਚ ਪੁੱਜੇ , ਰੋਸ ਪ੍ਰਦਰਸ਼ਨ ਦੌਰਾਨ ਕਾਂਗਰਸੀ ਵਰਕਰਾਂ ਨੇ ਨਾਅਰਿਆਂ ਰਾਹੀਂ ਆਪਣੀ ਭੜਾਸ ਕੱਢੀ ਤੇ ਚੋਣ ਪ੍ਰਕਿਰਿਆ ਵਿਚ ਪਾਰਦਸ਼ਤਾ ਦੀ ਮੰਗ ਕੀਤੀ। ਅੰਬਾਲਾ ਦੇ ਵਿਧਾਇਕ ਚੌਧਰੀ ਨਿਰਮਲ ਸਿੰਘ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਲੋਕਤੰਤਰ ਵਿਚ ਹਰ ਵੋਟਰ ਦੀ ਵੋਟ ਮਹੱਤਵਪੂਰਨ ਹੈ ਜੇਕਰ ਲੋਕਾਂ ਦੇ ਚੋਣ ਪ੍ਰਕਿਰਿਆ ਬਾਰੇ ਕੋਈ ਸੁਆਲ ਹਨ ਤਾਂ ਚੋਣ ਕਮਿਸ਼ਨ ਨੂੰ ਉਨਾਂ ਦਾ ਜੁਆਬ ਦੇਣਾ ਚਾਹੀਦਾ ਹੈ। ਉਨਾਂ ਕਿਹਾ ਕਿ ਕਾਂਗਰਸ ਦੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਲਗਾਤਾਰ ਚੋਣ ਪਾਰਦਸ਼ਤਾ ਤੇ ਵੋਟਿੰਗ ਨਾਲ ਸੰਬੰਧਿਤ ਮੁੱਦੇ ਉਠਾਉਂਦੇ ਰਹੇ ਹਨ। ਕਾਂਗਰਸ ਇਸ ਮੁੱਦੇ ਨੂੰ ਸੜਕਾਂ ਤੋਂ ਸੰਸਦ ਤਕ ਉਠਾਉਂਦੀ ਰਹੇਗੀ। ਉਨਾਂ ਮੰਗ ਕੀਤੀ ਕਿ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਜੁਆਬਦੇਹੀ ਯਕੀਨੀ ਬਨਾਉਣ ਤੇ ਆਪਣੇ ਆਹੁਦੇ ਤੋਂ ਅਸਤੀਫਾ ਦੇਣ। ਨਿਰਮਲ ਸਿੰਘ ਨੇ ਕਿਹਾ ਕਿ ਲੋਕਤੰਤਰ ਦੀ ਮਜਬੂਤੀ ਲਈ ਚੋਣ ਪ੍ਰਕਿਰਿਆ ਵਿਚ ਲੋਕਾਂ ਦਾ ਵਿਸ਼ਵਾਸ਼ ਬਣਾਈ ਰਖੱਣਾ ਜਰੂਰੀ ਹੈ। ਜਿਲਾ ਕਾਂਗਰਸ ਪ੍ਰਧਾਨ ਮੇਵਾ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਦਾ ਲੋਕਾਂ ਵਿਚ ਵਿਸ਼ਵਾਸ਼ ਲਗਾਤਾਰ ਘਟਦਾ ਜਾ ਰਿਹਾ ਹੈ । ਉਨਾਂ ਆਰੋਪ ਲਾਇਆ ਕਿ ਸਰਕਾਰ ਨੇ ਨੌਜੁਆਨਾਂ, ਕਿਸਾਨਾਂ ਤੇ ਆਮ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਜਿਸ ਲਈ ਅੱਜ ਨੌਜੁਆਨ ਰੁਜਗਾਰ ਲਈ ਤੇ ਕਿਸਾਨ ਆਪਣੀਆਂ ਫਸਲਾਂ ਦੇ ਵਾਜਬ ਭਾਅ ਲਈ ਸੰਘਰਸ਼ ਕਰ ਰਹੇ ਹਨ ਆਮ ਆਦਮੀ ਮੰਹਿਗਾਈ ਤੋਂ ਚਿਤੰਤ ਹਨ। ਸ਼ਾਹਬਾਦ ਦੇ ਵਿਧਾਇਕ ਰਾਮ ਕਰਣ ਨੇ ਵੀ ਭਾਜਪਾ ਸਰਕਾਰ ਤੇ ਨਿਸ਼ਾਨਾ ਸਾਧਿਆ।

ਉਨਾਂ ਕਿਹਾ ਕਿ ਸਰਕਾਰ ਨੂੰ ਨੌਜੁਆਨਾਂ ਦੇ ਭਵਿੱਖ ਤੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਉਨਾਂ ਕਿਹਾ ਕਿ ਕਾਂਗਰਸ ਜਨਤਕ ਮੁੱਦੇ ਉਠਾਉਂਦੀ ਰਹੇਗੀ। ਇਸ ਮੌਕੇ ਬਲਾਕ ਕਾਂਗਰਸ ਪ੍ਰਧਾਨ ਜੈਪਾਲ ਪੰਚਾਲ, ਰਾਕੇਸ਼ ਅਗਰਵਾਲ, ਲਾਭ ਸਿੰਘ, ਹਰਕੇਸ਼ ਸੈਣੀ, ਸੰਜੀਵ ਸੈਣੀ, ਗੁਰਦੇਵ ਸੂਰਾ, ਪਰਵੀਨ ਸਿੰਗਲਾ, ਸ਼ਮਸ਼ੇਰ ਮਲਿਕ, ਮਾਮ ਚੰਦ ਪ੍ਰਜਾਪਤੀ, ਜਸਮੇਰ ਸਿੰਘ, ਭਗਵੰਤ ਸਿੰਘ, ਸੰਜੇ ਸਿੰਘ ਵਿਰਕ,ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਾਂਗਰਸੀ ਕਾਰਕੁੰਨ ਪ੍ਰਦਰਸ਼ਨ ਵਿਚ ਮੌਜੂਦ ਸਨ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਗੁਰੂਕੁਲ ਕੁਰੂਕਸ਼ੇਤਰ ਦੀ ਇਤਿਹਾਸਕ ਤੇ ਵੈਦਿਕ ਪਰੰਪਰਾਂ ਨੂੰ ਦੇਖਣਗੇ = ਵਿਸ਼ਰਾਮ ਕੁਮਾਰ ਮੀਣਾ

ਸਾਂਝੀ ਖ਼ਬਰ

**ਸਾਰੇ ਵਿਭਾਗਾਂ ਨੂੰ ਰਾਸ਼ਟਰ-ਪਤੀ ਦੇ ਆਗਮਨ ਤੇ ਵਿਸ੍ਰਿਤਤ ਪ੍ਰਬੰਧ ਕਰਨੇ ਚਾਹੀਦੇ ਹਨ, ਡਿਪਟੀ ਕਮਿਸ਼ਨਰ ਨੇ ਗੁਰੂਕਲ ਕੁਰੁਕਸ਼ੇਤਰ ਪ੍ਰੋਗਰਾਮ ਦੀਆਂ ਤਿਆਰੀਆਂ ਦਾ ਜਾਇਜਾ ਲਿਆ**

**ਰਾਸ਼ਟਰਪਤੀ ਦਰੋਪਦੀ ਮੁਰਮੂ ਇਕ ਨਵੰਬਰ ਨੂੰ ਗੁਰੂਕਲ ਕੁਰੁਕ-ਸ਼ੇਤਰ ਵਿਖੇ ਹੋਣ ਵਾਲੇ ਪ੍ਰੋਗਰਾਮ ਵਿਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ**



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

20 ਅਕਤੂਬਰ : ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਨੇ ਕਿਹਾ ਹੈ ਕਿ ਆਪਣੀ ਫੇਰੀ ਦੌਰਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਕੁਰੂਕਸ਼ੇਤਰ ਵਿਚ ਗੁਰੂਕੁਲ ਦੀਆਂ ਇਤਿਹਾਸਕ ਤੇ ਵੈਦਿਕ ਪਰੰਪਰਾਵਾਂ ਦੇ ਗਵਾਹ ਬਨਣਗੇ। ਰਾਸ਼ਟਰ ਪਤੀ ਦੀ ਫੇਰੀ ਦੇ ਮੱਦੇ ਨਜਰ ਸਾਰੀਆਂ ਤਿਆਰੀਆਂ ਸਮੇਂ ਸਿਰ ਪੂਰੀ ਤਰਾਂ ਤੇ ਪ੍ਰੋਟੋਕੋਲ ਅਧਾਰਤ ਢੰਗ ਨਾਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ ਗੁਰੂਕੁਲ ਕੁਰੂਕਸ਼ੇਤਰ ਦੇ ਆਡੀਟੋਰੀਅਮ ਵਿਚ ਇਕ ਨਵੰਬਰ ਨੂੰ ਗੁਰੂਕੁਲ ਵਿਚ ਹੋਣ ਵਾਲੇ ਸਵਾਮੀ ਸ਼ਰਧਾ ਨੰਦ ਦੇ ਜਨਮ ਦਿਵਸ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜਾ ਲੈ ਰਹੇ ਸਨ। ਉਨਾਂ ਨੇ ਪੁਲਿਸ ਵਿਭਾਗ ਨੂੰ ਲੋੜੀਦੀਂ ਸੁਰਖਿੱਆ ਦੇ ਪ੍ਰਬੰਧ ਕਰਨ ਲਈ ਕਿਹਾ ਹੈ। ਉਨਾਂ ਕਿਹਾ ਕਿ ਟ੍ਰੈਫਿਕ ਵਿਵਸਥਾ ਲਈ ਵੀ ਵੱਖਰਾ ਰੂਟ ਪਲਾਨ ਵਿਕਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਕੋਈ ਅਸੁਵਿਧਾ ਨਾ ਹੋਵੇ ਤੇ ਵੀਵੀ ਆਈ ਪੀ ਆਵਾਜਾਈ ਸੁਚਾਰੂ ਢੰਗ ਨਾਲ ਚਲ ਸਕੇ। ਉਨਾਂ ਜੰਗਲਾਤ ਵਿਭਾਗ ਨੂੰ ਗੁਰੂਕੁਲ ਕੈਂਪਸ ਤੇ ਮੁੱਖ ਸੜਕਾਂ ਤੇ ਸਫਾਈ ,ਰੁੱਖ ਲਗਾਉਣ ਤੇ ਹਰਿਆਲੀ ਵਧਾਉਣ ਦੇ ਨਿਰਦੇਸ਼ ਦਿੱਤੇ। ਇਸੇ ਤਰਾਂ ਬਿਜਲੀ ਵਿਭਾਗ, ਸਿਹਤ ਵਿਭਾਗ, ਨੂੰ ਵੀ ਆਦੇਸ਼ ਦਿੱਤੇ ਕਿ ਉਹ ਆਪਣੇ ਕੰਮ ਨੂੰ ਪੂਰੀ ਤਰਾਂ ਕਰਨ । ਉਨਾਂ ਨੇ ਸਾਰੇ ਵਿਭਾਗਾਂ ਨੂੰ ਇਕ ਦੂਜੇ ਨਾਲ ਤਾਲਮੇਲ ਬਣਾ ਕੇ ਕੰਮ ਕਰਨਾ ਚਾਹੀਦਾ ਹੈ। ਸਾਰੀਆਂ ਤਿਆਰੀਆਂ ਦੀ ਅੰਤਿਮ ਰਿਹਰਸਲ 30 ਅਕਤੂਬਰ ਨੂੰ ਹੋਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪੰਕਜ ਸੇਤੀਆ, ਓ ਐਸ ਡੀ ਡਾ ਰਾਜਿੰਦਰ ਵਿਦਿਆਲੰਕਰ, ਗੁਰੂਕੁਲ ਡਾਇਰੈਕਟਰ ਬ੍ਰਿਗੇਡੀਅਰ ਪ੍ਰਵੀਨ ਕੁਮਾਰ, ਐਸ ਡੀ ਐਮ ਪਿਹੋਵਾ, ਡਾ ਰਾਹੁਲ ਕਾਂਵਰੀਆ, ਐਸ ਡੀ ਐਮ ਅਮਨ ਕੁਮਾਰ, ਸ਼ਾਹਬਾਦ ਦੇ ਐਸ ਡੀ ਐਮ ਸ਼ੰਭੂ ਰਾਠੀ, ਐਸ ਡੀ ਐਮ ਥਾਨੇਸਰ ਰਾਜੇਸ਼ ਕੁਮਾਰ ਸੋਨੀ, ਤੇ ਹੋਰ ਵਿਭਾਗਾਂ ਦੇ ਸੰਬੰਧਿਤ ਅਧਿਕਾਰੀ ਮੌਜੂਦ ਸਨ।

# ਨਸ਼ਾ ਪੀੜਤ ਪਰਿਵਾਰਾਂ ਨੂੰ ਮਿਲ ਕੇ ਭਾਵੁਕ ਹੋਏ ਅਮਿਤ ਸ਼ਾਹ, ਪੰਜਾਬ ਸਰਕਾਰ ’ਤੇ ਸਾਧੇ ਤਿੱਖੇ ਨਿਸ਼ਾਨੇ

ਸਾਂਝੀ ਖ਼ਬਰ

**ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਕਾਰਵਾਈ ਦਾ ਭਰੋਸਾ ਦੇਣ ਦਾ ਦਾਅਵਾ**



(ਗੁਰਭਿੰਦਰ ਗੁਰੀ):
ਚੰਡੀਗੜ੍ਹ/ਲੁਧਿਆਣਾ/ਮਾਨਸਾ

20 ਅਕਤੂਬਰ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਨੂੰ ਲੈ ਕੇ ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਤਿੱਖੇ ਸਿਆਸੀ ਨਿਸ਼ਾਨੇ ਸਾਧੇ। ਵਿਜੇਦਸ਼ਮੀ ਮੌਕੇ ਪੰਜਾਬ ਦੌਰੇ ਦੌਰਾਨ ਨਸ਼ਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਉਨ੍ਹਾਂ ਕਿਹਾ ਕਿ ਇਨ੍ਹਾਂ ਪਰਿਵਾਰਾਂ ਦਾ ਦਰਦ ਸੁਣ ਕੇ ਉਹ ਬੇਹੱਦ ਦੁਖੀ ਹੋਏ ਹਨ ਅਤੇ ਇਹ ਦਿਨ ਉਨ੍ਹਾਂ ਨੂੰ ਸਾਰੀ ਜ਼ਿੰਦਗੀ ਯਾਦ ਰਹੇਗਾ।

ਲੁਧਿਆਣਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਿਤ ਸ਼ਾਹ ਨੇ ਕਿਹਾ ਕਿ ਉਨ੍ਹਾਂ ਨੇ ਗੁਰਦਾਸਪੁਰ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਨਸ਼ਿਆਂ ਕਾਰਨ ਪ੍ਰਭਾਵਿਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਹੈ। ਇਨ੍ਹਾਂ ਪਰਿਵਾਰਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆਉਣ ਦੇ ਦਰਦ ਦੇ ਨਾਲ-ਨਾਲ ਨਸ਼ਿਆਂ ਦੇ ਫੈਲਾਅ ਕਾਰਨ ਪੈਦਾ ਹੋ ਰਹੀਆਂ ਸਮੱਸਿਆਵਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਅਨੁਸਾਰ, ਪਰਿਵਾਰਾਂ ਵੱਲੋਂ ਬਿਆਨ ਕੀਤੇ ਹਾਲਾਤ ਬੇਹੱਦ ਚਿੰਤਾਜਨਕ ਹਨ ਅਤੇ ਇਹ ਮਾਮਲਾ ਸਿਰਫ਼ ਸਿਆਸੀ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ।

ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਮੁਲਾਕਾਤ, ਕਾਰਵਾਈ ਦਾ ਭਰੋਸਾ

ਪੰਜਾਬ ਦੌਰੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਵੀ ਮੁਲਾਕਾਤ ਕੀਤੀ ਅਤੇ ਪਰਿਵਾਰ ਨੂੰ ਦਿਲਾਸਾ ਦਿੱਤਾ। ਉਨ੍ਹਾਂ ਨੇ ਝੋਟਾ ਦੇ ਕਤਲ ਮਾਮਲੇ ਵਿੱਚ 24 ਘੰਟਿਆਂ ਦੇ ਅੰਦਰ ਕਾਰਵਾਈ ਕਰਨ ਦਾ ਭਰੋਸਾ ਦੇਣ ਦੀ ਗੱਲ ਕਹੀ।

ਅਮਿਤ ਸ਼ਾਹ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਪਰਵਿੰਦਰ ਸਿੰਘ ਝੋਟਾ ਦੀ ਹਿਫ਼ਾਜ਼ਤ ਕਰਨੀ ਚਾਹੀਦੀ ਸੀ। ਉਨ੍ਹਾਂ ਅਨੁਸਾਰ, ਝੋਟਾ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਸੰਘਰਸ਼ ਕਰ ਰਿਹਾ ਸੀ, ਪਰ ਉਸ ਦੀ ਸੁਰੱਖਿਆ ਅਤੇ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਦੇ ਮਾਮਲੇ ਵਿੱਚ ਸਰਕਾਰ ਦੀ ਭੂਮਿਕਾ ’ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਉਨ੍ਹਾਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਨਸ਼ਿਆਂ ਵਿਰੁੱਧ ਲੜਨ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ।

ਗ੍ਰਹਿ ਮੰਤਰੀ ਨੇ ਗੁਰਦਾਸਪੁਰ ਦੇ ਵਿਕਰਮਜੀਤ ਸਿੰਘ, ਸੰਗਰੂਰ ਦੇ ਗੁਲਜ਼ਾਰ ਸਿੰਘ ਅਤੇ ਮਾਨਸਾ ਦੇ ਪਰਵਿੰਦਰ ਸਿੰਘ ਝੋਟਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਵਿਅਕਤੀ ਆਪਣੇ-ਆਪਣੇ ਇਲਾਕਿਆਂ ਵਿੱਚ ਨਸ਼ਿਆਂ ਵਿਰੁੱਧ ਆਵਾਜ਼ ਉਠਾ ਰਹੇ ਸਨ। ਉਨ੍ਹਾਂ ਇਨ੍ਹਾਂ ਮਾਮਲਿਆਂ ਦਾ ਹਵਾਲਾ ਦਿੰਦਿਆਂ ਨਸ਼ਾ ਵਿਰੋਧੀ ਕਾਰਕੁਨਾਂ ਦੀ ਸੁਰੱਖਿਆ ਅਤੇ ਸਰਕਾਰੀ ਜਵਾਬਦੇਹੀ ਦਾ ਮੁੱਦਾ ਉਠਾਇਆ।

ਤਿੰਨ ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰਨ ਦੇ ਵਾਅਦੇ ’ਤੇ ਸਵਾਲ

ਅਮਿਤ ਸ਼ਾਹ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਤਿੰਨ ਮਹੀਨਿਆਂ ਦੇ ਅੰਦਰ ਪੰਜਾਬ ਵਿੱਚੋਂ ਨਸ਼ਿਆਂ ਦੀ ਸਮੱਸਿਆ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜ ਸਾਲ ਬੀਤਣ ਦੇ ਬਾਵਜੂਦ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਗੰਭੀਰ ਬਣੀ ਹੋਈ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਰਕਾਰ ਨੂੰ ਪ੍ਰਭਾਵਸ਼ਾਲੀ ਅਤੇ ਠੋਸ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਅਨੁਸਾਰ, ਨਸ਼ਿਆਂ ਦੇ ਮੁੱਦੇ ’ਤੇ ਸਿਆਸੀ ਦੋਸ਼ਾਂ ਅਤੇ ਜਵਾਬੀ ਬਿਆਨਾਂ ਦੀ ਬਜਾਏ ਅਜਿਹੀ ਕਾਰਵਾਈ ਹੋਣੀ ਚਾਹੀਦੀ ਹੈ, ਜਿਸ ਨਾਲ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਤੋੜਿਆ ਜਾ ਸਕੇ ਅਤੇ ਨੌਜਵਾਨਾਂ ਨੂੰ ਇਸ ਦਲਦਲ ਵਿੱਚ ਫਸਣ ਤੋਂ ਬਚਾਇਆ ਜਾ ਸਕੇ।

ਗ੍ਰਹਿ ਮੰਤਰੀ ਨੇ ਆਪਣੇ ਪਿਛਲੇ ਪੰਜਾਬ ਦੌਰੇ ਅਤੇ ਨਸ਼ਾ ਮੁਕਤ ਪੰਜਾਬ ਦੇ ਮੁੱਦੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਸਰਕਾਰ ਨੂੰ ਆਪਣੀ ਜਵਾਬਦੇਹੀ ਨਿਭਾਉਣੀ ਚਾਹੀਦੀ ਹੈ।ਪੁਲਿਸ ਪ੍ਰਸ਼ਾਸਨ ਅਤੇ ਨਸ਼ਾ ਤਸਕਰੀ ਦੇ ਨੈੱਟਵਰਕ ’ਤੇ ਚੁੱਕੇ ਸਵਾਲ

ਅਮਿਤ ਸ਼ਾਹ ਨੇ ਪੰਜਾਬ ਵਿੱਚ ਕਾਨੂੰਨ-ਵਿਵਸਥਾ ਅਤੇ ਪੁਲਿਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਬਾਰੇ ਵੀ ਸਵਾਲ ਉਠਾਏ। ਉਨ੍ਹਾਂ ਦਾਅਵਾ ਕੀਤਾ ਕਿ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਪੁਲਿਸ ਮੁਲਾਜ਼ਮਾਂ ਦੀ ਸ਼ਮੂਲੀਅਤ ਸਾਹਮਣੇ ਆਉਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਕਰਨ ਲਈ ਸਿਰਫ਼ ਛੋਟੇ ਪੱਧਰ ਦੇ ਤਸਕਰਾਂ ਵਿਰੁੱਧ ਕਾਰਵਾਈ ਕਰਨਾ ਕਾਫ਼ੀ ਨਹੀਂ, ਸਗੋਂ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਪੂਰੇ ਨੈੱਟਵਰਕ ਨੂੰ ਤੋੜਨਾ ਜ਼ਰੂਰੀ ਹੈ। ਉਨ੍ਹਾਂ ਅਨੁਸਾਰ, ਇਸ ਕਾਰੋਬਾਰ ਨੂੰ ਸਹਾਰਾ ਦੇਣ ਵਾਲਿਆਂ ਦੀ ਭੂਮਿਕਾ ਦੀ ਜਾਂਚ ਕਰਕੇ ਉਨ੍ਹਾਂ ਵਿਰੁੱਧ ਵੀ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਨੇ ਨਸ਼ਿਆਂ ਕਾਰਨ ਆਪਣੇ ਪੁੱਤਰ, ਭਰਾ ਜਾਂ ਜੀਵਨ ਸਾਥੀ ਗੁਆਏ ਹਨ, ਉਨ੍ਹਾਂ ਨੂੰ ਇਨਸਾਫ਼ ਦਿਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਆਗੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਆਲੋਚਨਾ ਕਰਨ ਜਾਂ ਉਨ੍ਹਾਂ ਵਿਰੁੱਧ ਬਿਆਨ ਦੇਣ ਨਾਲ ਸੂਬੇ ਦੀਆਂ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ।

ਨਸ਼ਿਆਂ ਦਾ ਮੁੱਦਾ ਮੁੜ ਸਿਆਸੀ ਚਰਚਾ ਦੇ ਕੇਂਦਰ ਵਿੱਚ

ਅਮਿਤ ਸ਼ਾਹ ਦੇ ਪੰਜਾਬ ਦੌਰੇ ਦੌਰਾਨ ਨਸ਼ਿਆਂ ਦੀ ਸਮੱਸਿਆ, ਇਸ ਨਾਲ ਜੁੜੀਆਂ ਮੌਤਾਂ, ਨਸ਼ਾ ਵਿਰੋਧੀ ਕਾਰਕੁਨਾਂ ਦੀ ਸੁਰੱਖਿਆ ਅਤੇ ਸਰਕਾਰ ਦੀ ਜਵਾਬਦੇਹੀ ਦੇ ਮੁੱਦੇ ਮੁੜ ਚਰਚਾ ਵਿੱਚ ਆ ਗਏ ਹਨ। ਉਨ੍ਹਾਂ ਦੇ ਬਿਆਨਾਂ ਨਾਲ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਕਾਰਵਾਈ ਨੂੰ ਲੈ ਕੇ ਸਿਆਸੀ ਬਹਿਸ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।ਇਸ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ, ਸਾਬਕਾ ਕੇਂਦਰੀ ਮੰਤਰੀ ਬੀਬੀ ਪਰਨੀਤ ਕੌਰ ਸਮੇਤ ਪਾਰਟੀ ਦੇ ਕਈ ਸੀਨੀਅਰ ਆਗੂ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਨਸ਼ਾ ਤਸਕਰੀ ਦੇ ਨੈੱਟਵਰਕ ਵਿਰੁੱਧ ਕਾਰਵਾਈ, ਨਸ਼ਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਇਨਸਾਫ਼, ਨਸ਼ਾ ਵਿਰੋਧੀ ਕਾਰਕੁਨਾਂ ਦੀ ਸੁਰੱਖਿਆ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਪ੍ਰਭਾਵਸ਼ਾਲੀ ਉਪਰਾਲੇ ਕਰਨਾ ਇਸ ਸਮੇਂ ਪੰਜਾਬ ਦੇ ਅਹਿਮ ਮੁੱਦੇ ਬਣੇ ਹੋਏ ਹਨ।

# ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਸੋਨੂੰ ਚੌਧਰੀ ਨੂੰ ਪਤਾਲਪੁਰੀ ਸਾਹਿਬ ਵਿਖੇ ਨਮ ਅੱਖਾਂ ਨਾਲ ਦਿੱਤੀ ਅੰਤਿਮ ਵਿਦਾਈ

ਸਾਂਝੀ ਖ਼ਬਰ

**ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਜ਼ਿਲ੍ਹਾ ਪ੍ਰਧਾਨ ਡਾ. ਸੰਜੀਵ ਗੌਤਮ ਸਮੇਤ ਸੈਂਕੜੇ ਪਾਰਟੀ ਵਰਕਰ ਅੰਤਿਮ ਯਾਤਰਾ ਵਿੱਚ ਹੋਏ ਸ਼ਾਮਲ**

**ਸੋਨੂੰ ਚੌਧਰੀ ਦਾ ਬੇਵਕਤੀ ਵਿਛੋੜਾ ਪਾਰਟੀ ਅਤੇ ਇਲਾਕੇ ਲਈ ਨਾ ਪੂਰਾ ਹੋਣ ਵਾਲਾ ਘਾਟਾ - ਹਰਜੋਤ ਬੈਂਸ**





ਅਰਵਿੰਦਰ ਸਿੰਘ ਬਿੰਦੀ
ਸ੍ਰੀ ਅਨੰਦਪੁਰ ਸਾਹਿਬ

20 ਅਕਤੂਬਰ: ਆਮ ਆਦਮੀ ਪਾਰਟੀ ਦੇ ਨੌਜਵਾਨ ਆਗੂ ਸੋਨੂੰ ਚੌਧਰੀ ਦੇ ਬੇਵਕਤੀ ਅਕਾਲ ਚਲਾਣੇ ਕਾਰਨ ਸਮੁੱਚੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ। ਅੱਜ ਕੀਰਤਪੁਰ ਸਾਹਿਬ ਵਿਖੇ ਪਤਾਲਪੁਰੀ ਸਾਹਿਬ ਵਿਖੇ ਉਨ੍ਹਾਂ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ.ਸੰਜੀਵ ਗੌਤਮ ਸਮੇਤ ਪਾਰਟੀ ਦੇ ਸੈਂਕੜੇ ਆਗੂਆਂ ਅਤੇ ਵਰਕਰਾਂ ਨੇ ਅੰਤਿਮ ਯਾਤਰਾ ਵਿੱਚ ਸ਼ਮੂਲੀਅਤ ਕਰਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸੋਨੂੰ ਚੌਧਰੀ ਦਾ ਬੇਵਕਤੀ ਵਿਛੋੜਾ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸੋਨੂੰ ਚੌਧਰੀ ਪਾਰਟੀ ਦੇ ਇੱਕ ਅਣਥੱਕ ਅਤੇ ਸਮਰਪਿਤ ਵਰਕਰ ਸਨ, ਜੋ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਆਪਣਾ ਯੋਗਦਾਨ ਪਾਉਂਦੇ ਰਹੇ। ਉਨ੍ਹਾਂ ਦੀ ਮੌਤ ਨਾਲ ਪਾਰਟੀ ਅਤੇ ਇਲਾਕੇ ਨੂੰ ਵੱਡਾ ਘਾਟਾ ਪਿਆ ਹੈ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪਾਰਟੀ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਨ ਵਾਲੇ ਸੋਨੂੰ ਚੌਧਰੀ ਦੀਆਂ ਯਾਦਾਂ ਹਮੇਸ਼ਾ ਉਨ੍ਹਾਂ ਦੇ ਸਾਥੀਆਂ ਅਤੇ ਜਾਣਕਾਰਾਂ ਦੇ ਦਿਲਾਂ ਵਿੱਚ ਵੱਸਦੀਆਂ ਰਹਿਣਗੀਆਂ। ਉਨ੍ਹਾਂ ਵਿਛੜੇ ਆਗੂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਅਜਿਹੇ ਨੌਜਵਾਨ ਸਾਥੀਆਂ ਦਾ ਵਿਛੋੜਾ ਹਰ ਕਿਸੇ ਲਈ ਅਸਹਿ ਦੁੱਖ ਵਾਲੀ ਗੱਲ ਹੈ।

ਇਸ ਮੌਕੇ ਹਾਜ਼ਰ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਵੀ ਸੋਨੂੰ ਚੌਧਰੀ ਦੇ ਅਕਾਲ ਚਲਾਣੇ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਦੁਖੀ ਪਰਿਵਾਰ ਨਾਲ ਆਪਣੀ ਹਮਦਰਦੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਸਮੁੱਚੀ ਪਾਰਟੀ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੈ।

ਅੰਤਿਮ ਵਿਦਾਈ ਮੌਕੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਨੂੰ ਇਹ ਨਾ ਪੂਰਾ ਹੋਣ ਵਾਲਾ ਘਾਟਾ ਸਹਿਣ ਦਾ ਬਲ ਬਖ਼ਸ਼ਣ ਲਈ ਅਰਦਾਸ ਕੀਤੀ ਗਈ। ਸੋਨੂੰ ਚੌਧਰੀ ਦੇ ਅਕਾਲ ਚਲਾਣੇ ਨਾਲ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਦੋਸਤਾਂ ਅਤੇ ਪਾਰਟੀ ਸਾਥੀਆਂ ਵਿੱਚ ਗਹਿਰਾ ਸੋਗ ਪਾਇਆ ਜਾ ਰਿਹਾ ਹੈ। ਇਸ ਮੌਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਸਲ, ਕਮਿੱਕਰ ਸਿੰਘ ਡਾਢੀ ਮੈਂਬਰ ਐਸ.ਸੀ ਕਮਿਸ਼ਨ ਪੰਜਾਬ, ਬਚਿੱਤਰ ਸਿੰਘ ਬੈਂਸ, ਸੋਹਣ ਸਿੰਘ ਬੈਂਸ, ਪੱਪੂ ਢਿੱਲੋਂ ਬਲਾਕ ਪ੍ਰਧਾਨ, ਜਸਪ੍ਰੀਤ ਸਿੰਘ ਜੇ.ਪੀ, ਜਰਨੈਲ ਸਿੰਘ ਸਰਪੰਚ, ਦਲੀਪ ਹੰਸ ਚੇਅਰਮੈਨ ਦਲਿਤ ਵਿਕਾਸ ਬੋਰਡ, ਰੋਹਿਤ ਕਾਲੀਆ, ਜਸਪਾਲ ਸਿੰਘ ਢਾਹੇ, ਸ਼ੰਮੀ ਬਰਾਰੀ ਯੂਥ ਆਗੂ, ਸੋਨੂੰ ਪੰਡਿਤ ਤੇ ਵੱਡੀ ਗਿਣਤੀ ਵਿਚ ਆਪ ਵਰਕਰ ਤੇ ਇਲਾਕਾ ਵਾਸੀ ਹਾਜ਼ਰ ਸਨ।

# ਰਾਜ ਪੱਧਰੀ ਖੇਡ ਮੁਕਾਬਲਿਆਂ ’ਚ ਖਿਡਾਰੀਆਂ ਨੇ ਆਪਣੇ ਜੌਹਰ ਦਿਖਾਏ

ਲੁਧਿਆਣਾ, 20 ਅਕਤੂਬਰ
(ਜਸਵੀਰ ਸਿੰਘ ਮਣਕੂ)

ਸਾਂਝੀ ਖ਼ਬਰ

ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਖੇਡ ਵਿਭਾਗ ਦੁਆਰਾ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਰਾਜ ਪੱਧਰੀ ਖੇਡਾਂ ਦੇ ਦੂਜੇ ਫੇਜ਼ ਦਾ ਅਗਾਜ ਮਿਤੀ 17 ਅਕਤੂਬਰ ਤੋਂ ਪੰਜਾਬ ਦੇ ਵੱਖ ਵੱਖ 7 ਜਿਲ੍ਹਿਆਂ ਵਿੱਚ ਹੋ ਚੁੱਕਾ ਹੈ। ਬਾਸਕਟਬਾਲ (ਏਜ ਗਰੁੱਪ ਅੰ14, 17, 21, 21-30, 31-40 ) ਲੜਕੇ/ ਲੜਕੀਆਂ, ਮੇਲ/ ਫੀਮੇਲ ਜਿਲ੍ਹਾ ਲੁਧਿਆਣਾ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਦੀ ਯੋਗ ਅਗਵਾਈ ਹੇਠ ਕਰਵਾਈ ਜਾ ਰਹੀ ਹੈ। ਬਾਸਕਟਬਾਲ ਦੇ ਰਾਜ ਪੱਧਰੀ ਖੇਡ ਮੁਕਾਬਲਿਆਂ ਦੇ ਚੌਥੇ ਦਿਨ ਦੇ ਅੰ14 ਲੜਕਿਆਂ ਦੇ ਮੁਕਾਬਲਿਆਂ ਵਿੱਚ ਜਿਲ੍ਹਾ ਮੋਗਾ ਦੀ ਟੀਮ ਨੇ ਜਿਲ੍ਹਾ ਪਠਾਨਕੋਟ ਦੀ ਟੀਮ ਨੂੰ 26-22 ਦੇ ਫਰਕ ਨਾਲ , ਜਿਲ੍ਹਾ ਫਾਜਿਲਕਾ ਦੀ ਟੀਮ ਨੇ ਜਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ 22-09 ਦੇ ਫਰਕ ਨਾਲ ਅਤੇ ਜਿਲ੍ਹਾ ਹੁਸ਼ਿਆਰਪੁਰ ਦੀ ਟੀਮ ਨੇ ਜਿਲ੍ਹਾ ਫਿਰੋਜ਼ਪੁਰ ਦੀ ਟੀਮ ਨੇ 26-02 ਦੇ ਫਰਕ ਨਾਲ ਹਰਾਇਆ। ਅੰ 17 ਲੜਕਿਆਂ ਦੇ ਹੋਏ ਮੈਚਾਂ ਵਿੱਚ ਜਿਲ੍ਹਾ ਤਰਨਤਾਰਨ ਦੀ ਟੀਮ ਨੇ ਜਿਲ੍ਹਾ ਫਾਜਿਲਕਾ ਦੀ ਟੀਮ ਨੂੰ 26-25 ਦੇ ਫਰਕ ਨਾਲ, ਜਿਲ੍ਹਾ ਰੂਪਨਗਰ ਦੀ ਟੀਮ ਨੇ ਜਿਲ੍ਹਾ ਫਿਰੋਜਪੁਰ ਦੀ ਟੀਮ ਨੂੰ 25-15 ਦੇ ਫਰਕ ਨਾਲ ਅਤੇ ਜਿਲ੍ਹਾ ਮੋਗਾ ਦੀ ਟੀਮ ਨੇ ਜਿਲ੍ਹਾ ਹੁਸ਼ਿਆਰਪੁਰ ਦੀ ਟੀਮ ਨੂੰ 29-17 ਦੇ ਫਰਕ ਨਾਲ ਹਰਾਇਆ। ਅੰ 21 ਮੇਲ ਵਰਗ ਦੇ ਖੇਡ ਮੁਕਾਬਲਿਆਂ ਵਿੱਚ – ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨੇ ਜਿਲ੍ਹਾ ਤਰਨਤਾਰਨ ਦੀ ਟੀਮ ਨੂੰ 44-20 ਦੇ ਫਰਕ ਨਾਲ, ਜਿਲ੍ਹਾ ਸੰਗਰੂਰ ਦੀ ਟੀਮ ਨੇ ਜਿਲ੍ਹਾ ਰੂਪਨਗਰ ਦੀ ਟੀਮ ਨੂੰ 39-07 ਦੇ ਫਰਕ ਨਾਲ ਅਤੇ ਜਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੀ ਟੀਮ ਨੇ ਜਿਲ੍ਹਾ ਮਲੇਰਕੋਟਲਾ ਦੀ ਟੀਮ ਨੂੰ 38-22 ਦੇ ਫਰਕ ਨਾਲ ਹਰਾਇਆ।



# ਮਹਾਨਗਰ ਦੇ ਹਲਕਾ ਪੂਰਬੀ ਚ ਦੁਸ਼ਹਿਰੇ ਦਾ ਤਿਉਹਾਰ ਮਨਾਇਆ ਗਿਆ

ਸਾਂਝੀ ਖ਼ਬਰ

ਵੱਖ-ਵੱਖ ਥਾਵਾਂ ਤੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕੀਤੀ ਸ਼ਿਰਕਤ



(ਜਸਵੀਰ ਸਿੰਘ ਮਣਕੂ)
ਲੁਧਿਆਣਾ: 20 ਅਕਤੂਬਰ

ਸੂਬੇ ਭਰ ਵਿੱਚ ਅੱਜ ਦੁਸ਼ਹਿਰੇ ਦਾ ਤਿਉਹਾਰ ਬੜੇ ਹੀ ਉਤਸਾਹ ਨਾਲ ਮਨਾਇਆ ਗਿਆ , ਇਸੇ ਹੀ ਲੜੀ ਤਹਿਤ ਲੁਧਿਆਣਾ ਦੇ ਹਲਕਾ ਪੂਰਵੀ ਵਿਖੇ ਵੱਖ - ਵੱਖ ਥਾਵਾਂ ਤੇ ਦੁਸ਼ਹਿਰੇ ਦਾ ਤਿਉਹਾਰ ਮਨਾਇਆ ਗਿਆ, ਇਸ ਮੌਕੇ ਤੇ ਮੁੱਖ ਮਹਿਮਾਨ ਦੇ ਤੌਰ ਤੇ ਹਲਕਾ ਪੂਰਵੀ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵਿਸ਼ੇਸ਼ ਤੌਰ ਤੇ ਪਹੁੰਚੇ । ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਨੇ ਕਿਹਾ ਕਿ ਅੱਜ ਦੇ ਦਿਨ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਬੁਰਾਈ ਜਿੰਨੀ ਵੀ ਵੱਡੀ ਕਿਉਂ ਨਾ ਹੋਵੇ ਇੱਕ ਨਾ ਇੱਕ ਦਿਨ ਉਹ ਸੱਚਾਈ ਅੱਗੇ ਹਾਰ ਜਾਂਦੀ ਹੈ, ਨੇਕੀ ਦੀ ਜਿੱਤ ਬੱਦੀ ਦੀ ਹਾਰ ਵਾਲੀ ਕਹਾਵਤ ਦਾ ਇਹੀ ਮਤਲਬ ਹੈ , ਸੋ ਸਾਨੂੰ ਮਿਲ ਕੇ ਬੁਰਾਈਆਂ ਦੇ ਖਿਲਾਫ, ਭਰਸ਼ਟਾ-ਚਾਰ ਦੇ ਖਿਲਾਫ, ਨਸ਼ਿਆਂ ਦੇ ਖਿਲਾਫ ਹਮੇਸ਼ਾ ਬਿਨਾਂ ਕਿਸੇ ਭੇਦਭਾਵ ਤੋਂ ਖੜਨਾ ਚਾਹੀਦਾ ਹੈ , ਉਹਨਾਂ ਸ਼ਹਿਰ ਵਾਸੀਆਂ ਨੂੰ ਅੱਜ ਦੇ ਦਿਨ ਤੇ ਵਧਾਈ ਦਿੰਦੇ ਹੋਏ ਕਿਹਾ ਕਿ ਆਓ ਸਭ ਮਿਲ ਕੇ ਇੱਕਜੁੱਟ ਹੋ ਕੇ ਰਾਵਣ ਰੂਪੀ ਸਮਾਜ ਚ ਫੈਲੀਆਂ ਬੁਰਾਈਆਂ ਨੂੰ ਖਤਮ ਕਰ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਚ ਆਪਣਾ ਬਣਦਾ ਯੋਗਦਾਨ ਪਾਈਏ । ਇਸ ਮੌਕੇ ਤੇ ਵੱਖ-ਵੱਖ ਕਮੇਟੀਆਂ ਦੇ ਮੈਂਬਰਾਂ ਵੱਲੋਂ ਵਿਧਾਇਕ ਗਰੇਵਾਲ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਟਿੱਬਾ ਰੋਡ, 32 ਸੈਕਟਰ, ਚੰਡੀਗੜ੍ਹ ਰੋਡ, ਦਾਣਾ ਮੰਡੀ ਅਤੇ ਹੋਰ ਥਾਵਾਂ ਤੇ ਦੁਸ਼ਹਿਰੇ ਦਾ ਤਿਉਹਾਰ ਮਨਾਇਆ ਗਿਆ । ਇਸ ਮੌਕੇ ਤੇ ਪਾਰਟੀ ਵਰਕਰਾਂ ਅਤੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਚ ਇਲਾਕਾ ਵਾਸੀ ਹਾਜ਼ਰ ਸਨ ।

# ਆੜਤੀਆ ਐਸੋਸੀਏਸ਼ਨ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਰਛਪਾਲ ਸਿੰਘ ਕਾਲੇਸ਼ਾਹ ਨਹੀਂ ਰਹੇ

ਸਾਂਝੀ ਖ਼ਬਰ



ਜੰਡਿਆਲਾ ਗੁਰੂ
( ਅਸ਼ਵਨੀ ਸ਼ਰਮਾਂ):

ਆੜ੍ਹਤੀ ਐਸੋਸੀਏਸ਼ਨ ਜੰਡਿਆਲਾ ਗੁਰੂ ਦੇ ਪ੍ਰਧਾਨ ਸੁਨੀਲ ਪਾਸੀ ਦੇ ਪਿਤਾ ਰਸ਼ਪਾਲ ਸਿੰਘ ਕਾਲੇ ਸ਼ਾਹ ਨਹੀਂ ਰਹੇ। ਰਛਪਾਲ ਸਿੰਘ ਕਾਲੇ ਸ਼ਾਹ ਦਾ ਅੰਤਿਮ ਸੰਸਕਾਰ ਅੱਜ ਗਊਸ਼ਾਲਾ ਰੋਡ ਸ਼ਿਵਪੁਰੀ, ਜੰਡਿਆਲਾ ਗੁਰੂ ਵਿਖੇ ਕੀਤਾ ਗਿਆ। ਅਰਦਾਸ ਉਪਰੰਤ ਉਨ੍ਹਾਂ ਦੇ ਸਪੁੱਤਰ ਸੁਨੀਲ ਪਾਸੀ ਨੇ ਓਹਨਾਂ ਦੀ ਦੇਹ ਨੂੰ ਅਗਨ ਭੇਟ ਕੀਤਾ।ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨਗਰ ਕੌਂਸਲ ਦੇ ਪ੍ਰਧਾਨ ਸਤਿੰਦਰ ਸਿੰਘ, ਵਾਈਸ ਪ੍ਰਧਾਨ ਅਮਨਦੀਪ ਸਿੰਘ ਵਿਰਕ ,ਐੱਸ.ਐੱਸ. ਬੋਰਡ ਪੰਜਾਬ ਦੇ ਮੈਂਬਰ ਨਰੇਸ਼ ਪਾਠਕ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਭਾਜਪਾ ਆਗੂ ਰਾਜੀਵ ਕੁਮਾਰ ਮਾਣਾਂ, ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਇੰਚਾਰਜ ਦਿਲਸ਼ੇਰ ਸਿੰਘ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਵਿੰਦ-ਰਪਾਲ ਸਿੰਘ ਕੁੱਕੂ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਐਡਵੋਕੇਟ ਰਾਜ ਕੁਮਾਰ ਮਲਹੋਤਰਾ, ਕੌਂਸਲਰ ਸਰਬਜੀਤ ਸਿੰਘ ਡਿੰਪੀ, ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਆਹੁਦੇਦਾਰ , ਆਲ ਇੰਡੀਆ ਰਾਈਸ ਐਕਸਪੋਰਟਰ ਐਸੋਸੀਏ-ਸ਼ਨ ਦੇ ਮੀਤ ਪ੍ਰਧਾਨ ਰਣਜੀਤ ਸਿੰਘ ਜੋਸਨ , ਆੜ੍ਹਤੀਆ ਐਸੋਸੀ-ਏਸ਼ਨ ਜੰਡਿਆਲਾ ਗੁਰੂ ਦੇ ਸਮੂੰਹ ਮੈਂਬਰਜ,ਆੜ੍ਹਤੀ ਐਸੋਸੀਏਸ਼ਨ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਕੰਗ,ਅੰਮ੍ਰਿਤਸਰ ਜਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਸਰਜਾ, ਪਰਮਿੰਦਰ ਸਿੰਘ ਜੋਸਨ, ਸੁਖਬੀਰ ਸਿੰਘ ਤਾਰਾਗੜ੍ਹ, ਮਲਕੀਅਤ ਸਿੰਘ ਸਰਜਾ, ਮਾਰਕੀਟ ਕਮੇਟੀ ਚੇਅਰਮੈਨ ਹਰਪਾਲ ਸਿੰਘ ਚੌਹਾਨ,ਰਕੇਸ਼ ਕੁਮਾਰ ਗੋਲਡੀ ਸ਼ਰਮਾ, ਪਰੀਕਸ਼ਿਤ ਸ਼ਰਮਾ , ਸੰਜੀਵ ਕੁਮਾਰ ਲਵਲੀ ਸਾਬਕਾ ਪ੍ਰਧਾਨ,ਕੌਂਸਲਰ ਪਤੀ ਸੁਰਿੰਦਰ ਕੁਮਾਰ ਸੋਨੂੰ ,ਭੁਪਿੰਦਰ ਸਿੰਘ,ਰੋਮੀ ਬਸੀ,ਸਾਬਕਾ ਚੇਅਰਮੈਨ ਮਹਿੰਦਰ ਸਿੰਘ ਛੱਜਲਵੱਡੀ ,ਸਮਾਜ ਸੇਵਕ ਬੱਲੀ ਕਪੜੇ ਵਾਲੇ,ਪੱਤਰਕਾਰ ਭਾਈਚਾਰਾ ਤੋਂ ਇਲਾਵਾ ਸਮਾਜਿਕ , ਰਾਜਨੀਤਿਕ ,ਧਾਰਮਿਕ ਸੰਸਥਾਵਾਂ ਨਾਲ ਜੁੜੀਆਂ ਸ਼ਖ਼ਸੀਅਤਾਂ, ਇਲਾਕਾ ਨਿਵਾਸੀਆਂ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਨੇ ਸੁਨੀਲ ਪਾਸੀ ਨਾਲ ਦੁੱਖ ਸਾਂਝਾ ਕੀਤਾ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।

# ਡਿਜੀਟਲ ਪੇਮੈਂਟ ਨੂੰ ਚੁਣੌਤੀਆਂ

ਅਜੋਕਾ ਸਮਾਂ ਤਕਨੀਕ ਦਾ ਸਮਾਂ ਹੈ,ਹਰ ਰੋਜ਼ ਨਵੀਂ ਤਕਨੀਕ ਵਿਕਸਿਤ ਹੋ ਰਹੀ ਹੈ।ਰਾਤ ਨੂੰ ਰੋਟੀ ਖਾ ਕੇ ਸੌਂਦੇ ਹਾਂ, ਸਵੇਰੇ ਕਿਸੇ ਨਵੀਂ ਤਕਨੀਕ ਦੇ ਵਿਕਸਿਤ ਹੋਣ ਦੀ ਖ਼ਬਰ ਸੁਣਾਈ ਦਿੰਦੀ ਹੈ।ਭਾਰਤੀ ਰੁਪਏ ਨੇ ਇਤਿਹਾਸ ਤੋਂ ਲੈ ਕੇ ਹੁਣ ਤੱਕ ਅਥਾਂਹ ਤਰੱਕੀ ਕੀਤੀ। ਇਸਦੇ ਰੂਪ ਬਦਲੇ।ਨੋਟ ਵੀ ਆਏ,ਢਾਲੇ ਵੀ ਆਏ ਅਤੇ ਹੁਣ ਡਿਜ਼ੀਟਲ ਪੇਮੈਂਟ ਅਜਿਹਾ ਰੂਪ ਹੈ ਜ਼ੋ ਬਿਨਾਂ ਸਪਰਸ਼ ਦੇ ਪੈਸਿਆਂ ਦੀ ਕਥਾ ਨੂੰ ਬਿਆਨ ਕਰਦਾ ਹੈ।ਨੋਟਬੰਦੀ ਤੋਂ ਬਾਅਦ ਭਾਰਤੀ ਅਰਥਚਾਰੇ ਵਿੱਚ ਬਹੁਤ ਬਦਲਾਵ ਆਇਆ। ਸਰਕਾਰ ਅਤੇ ਬੈਂਕਾਂ ਨੇ ਲੋਕਾਂ ਨੂੰ ਡਿਜੀਟਲ ਤਰੀਕੇ ਰਾਹੀਂ ਲੈਣ ਦੇਣ ਕਰਨ ਦਾ ਸੁਝਾਅ ਦਿੱਤਾ। ਪਿਛਲੇ ਕੁੱਝ ਸਾਲਾਂ ਤੋਂ ਇਸੇ ਤਰ੍ਹਾਂ ਚਲ ਰਿਹਾ ਸੀ। ਜ਼ੇਕਰ ਕੋਈ ਨਕਦ ਲੈਣਾ ਚਾਹੇ ਤਾਂ ਉਹ ਨਕਦ ਭੁਗਤਾਨ ਕਰ ਦਿੰਦਾ ਨਹੀਂ ਤਾਂ ਇੱਕ ਕਲਿੱਕ ਨਾਲ ਪੈਸੇ ਟਰਾਂਸਫਰ ਹੋ ਜਾਂਦੇ। ਲੋਕਾਂ ਨੇ ਬੈਂਕਾਂ ਵਿੱਚ ਜਾਣਾ ਛੱਡ ਦਿੱਤਾ।ਖਾਤੇ ਵਿੱਚ ਤਨਖਾਹ ਆ ਜਾਂਦੀ ਅਤੇ ਕਰਮਚਾਰੀ ਕਿਤੇ ਵੀ ਡਿਜ਼ੀਟਲ ਤਰੀਕੇ ਨਾਲ ਪੇਮੈਂਟ ਕਰ ਦਿੰਦਾ।ਸਰਕਾਰੀ ਮੁਲਾਜ਼ਮ ਤੋਂ ਲੈ




ਕੇ ਦਿਹਾੜੀਦਾਰ ਅਤੇ ਭੱਠਾ ਮਜ਼ਦੂਰ ਵੀ ਆਨਲਾਈਨ ਪੇਮੈਂਟ ਕਰਨ ਲੱਗੇ।ਆਮ ਲੋਕਾਂ ਨੂੰ ਇਹ ਸਭ ਸੌਖਾ ਹੋਣ ਕਰਕੇ ਅਰਾਮ ਮਹਿਸੂਸ ਹੋ ਰਿਹਾ ਸੀ।ਗੂਗਲ ਪੇਅ ਅਤੇ ਸਕੈਨਰ ਕਰਿਆਣਾ ਦੀਆਂ ਦੁਕਾਨਾਂ ਅਤੇ ਚਾਹ ਦਿਆਂ ਖੋਖਿਆਂ ਤੇ ਪਏ ਆਮ ਦੇਖੇ ਜਾ ਸਕਦੇ ਹਨ ਪ੍ਰੰਤੂ ਸਰਕਾਰ ਦੀਆਂ ਨਵੀਆਂ ਹਦਾਇਤਾਂ ਕਿ ਆਨਲਾਈਨ ਭੁਗਤਾਨ ਤੇ ਹੁਣ ਇੱਕ ਸੀਮਾ ਤੋਂ ਬਾਅਦ ਚਾਰਜ ਵਸੂਲੇ ਜਾਣਗੇ,ਇਸ ਖ਼ਬਰ ਨੇ ਇੱਕ ਵਾਰ ਫ਼ਿਰ ਆਮ ਆਦਮੀ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਹੈ। ਖ਼ਬਰਾਂ ਸੁਣਨ ਵਿੱਚ ਆ ਰਹੀਆਂ ਹਨ ਕਿ ਪੈਟਰੋਲ ਪੰਪ ਮਾਲਕਾਂ ਅਤੇ ਵਪਾਰੀਆਂ ਵੱਲੋਂ ਤਾਂ ਡਿਜੀਟਲ ਪੇਮੈਂਟ ਤੋਂ ਕਿਨਾਰਾ ਕਰਕੇ ਨਕਦੀ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ।ਗੱਲ ਬਿਲਕੁਲ ਸਾਫ਼ ਹੈਂ ਕਿ ਲੋਕਾਂ ਦਾ ਅੱਜ ਵੀ ਨਕਦੀ ਤੇ ਵਿਸ਼ਵਾਸ ਹੈ ਅਤੇ ਉਹ ਨਕਦ ਲੈਣ ਦੇਣ ਨੂੰ ਤਰਜ਼ੀਹ ਦੇ ਰਹੇ ਹਨ। ਡਿਜੀਟਲ ਪੇਮੈਂਟ ਨੂੰ ਅੱਜ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਾਈਬਰ ਕ੍ਰਾਈਮ ਦੀਆਂ ਜੜ੍ਹਾਂ ਡੂੰਘੀਆਂ ਹੋ ਰਹੀਆਂ ਹਨ ਜ਼ੋ ਇੱਕ ਸੈਕਿੰਡ ਵਿੱਚ ਬੈਂਕ ਖਾਤਿਆਂ ਨੂੰ ਖ਼ਾਲੀ ਕਰ ਰਹੇ ਹਨ। ਅਜਿਹੇ ਸਮੇਂ ਚੌਕਸੀ ਅਤੇ ਸਾਵਧਾਨੀ ਹੀ ਇੱਕੋ ਇੱਕ ਹੱਲ ਹੈ। ਜ਼ੇਕਰ ਸਰਕਾਰ ਸੱਚਮੁੱਚ ਹੀ ਡਿਜੀਟਲ ਪੇਮੈਂਟ ਨੂੰ ਹੁਲਾਰਾ ਦੇਣਾ ਚਾਹੁੰਦੀ ਹੈ ਤਾਂ ਇਸ ਨੂੰ ਪੇਸ਼ ਆ ਰਹੀਆਂ ਦਰਪੇਸ਼ ਚੁਣੌਤੀਆਂ ਅਤੇ ਲੋਕਾਂ ਦੀਆਂ ਸਮੱਸਿਆਂਵਾਂ ਦਾ ਵੀ ਸਮੇਂ ਸਿਰ ਹੱਲ ਕਰਨਾ ਹੋਵੇਗਾ ਤਾਂ ਜ਼ੋ ਆਮ ਆਦਮੀ ਦਾ ਦੇਸ਼ ਦੀ ਅਰਥ-ਵਿਵਸਥਾ ਅਤੇ ਬੈਂਕਾਂ ਤੇ ਵਿਸ਼ਵਾਸ ਬਣਿਆ ਰਹੇ।

ਸਾਂਝੀ ਖ਼ਬਰ

ਰਜਵਿੰਦਰ ਪਾਲ ਸ਼ਰਮਾ
7087367969

# ਮਾਤਾ-ਪਿਤਾ ਦਾ ਸਤਿਕਾਰ ਅਤੇ ਸੇਵਾ ਹੀ ਮਨੁੱਖੀ ਜੀਵਨ ਦੀ ਅਸਲ ਕਾਮਯਾਬੀ ਹੈ : ਡਾ. ਪਨੇਸਰ

ਸਾਂਝੀ ਖ਼ਬਰ

(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 19 ਅਕਤੂਬਰ

ਹੋਮਿਓਪੈਥਿਕ ਦੇ ਮਸ਼ਹੂਰ ਡਾਕਟਰ ਅਤੇ ਸਮਾਜ ਸੇਵੀ ਡਾ. ਪ੍ਰਿਤਪਾਲ ਸਿੰਘ ਪਨੇਸਰ ਨੇ ਕਿਹਾ ਕਿ ਮਨੁੱਖੀ ਜੀਵਨ ਦੀ ਅਸਲ ਸਫ਼ਲਤਾ ਸਿਰਫ਼ ਉੱਚੇ ਅਹੁਦੇ, ਵੱਡੀ ਕਮਾਈ ਜਾਂ ਸਮਾਜਿਕ ਰੁਤਬਾ ਹਾਸਲ ਕਰਨ ਵਿੱਚ ਨਹੀਂ, ਸਗੋਂ ਆਪਣੇ ਮਾਤਾ-ਪਿਤਾ ਨੂੰ ਖੁਸ਼ ਰੱਖਣ, ਉਨ੍ਹਾਂ ਦੀ ਸੇਵਾ ਕਰਨ ਅਤੇ ਉਨ੍ਹਾਂ ਦੀਆਂ ਦੁਆਵਾਂ ਹਾਸਲ ਕਰਨ ਵਿੱਚ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਦਾ ਪਿਆਰ, ਤਿਆਗ ਅਤੇ ਅਸ਼ੀਰਵਾਦ ਅਜਿਹੀ ਅਨਮੋਲ ਦੌਲਤ ਹੈ, ਜਿਸ ਦੀ ਤੁਲਨਾ ਦੁਨੀਆ ਦੀ ਕਿਸੇ ਵੀ ਭੌਤਿਕ ਦੌਲਤ ਨਾਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਅਜੋਕੇ ਤੇਜ਼ ਰਫ਼ਤਾਰ ਅਤੇ ਪਦਾਰਥਵਾਦੀ ਯੁੱਗ ਵਿੱਚ ਮਨੁੱਖ ਧਨ-ਦੌਲਤ, ਰੁਤਬੇ ਅਤੇ ਕਾਮਯਾਬੀ ਦੀ ਦੌੜ ਵਿੱਚ ਉਲਝ ਕੇ ਆਪਣੇ ਪਰਿਵਾਰਕ ਰਿਸ਼ਤਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਅਜਿਹੇ ਸਮੇਂ ਵਿੱਚ ਮਾਤਾ-ਪਿਤਾ ਦੀ ਅਹਿਮੀਅਤ ਨੂੰ ਸਮਝਣਾ ਅਤੇ ਉਨ੍ਹਾਂ ਪ੍ਰਤੀ ਆਪਣੇ ਫ਼ਰਜ਼ ਨਿਭਾਉਣਾ ਬੇਹੱਦ ਜ਼ਰੂਰੀ ਹੈ।



ਉਨ੍ਹਾਂ ਕਿਹਾ ਕਿ ਪਰਿਵਾਰਕ ਰਿਸ਼ਤਿਆਂ ਦੀ ਮਜ਼ਬੂਤੀ ਨਾਲ ਹੀ ਸਮਾਜ ਵਿੱਚ ਆਪਸੀ ਸਤਿਕਾਰ, ਸਹਿਯੋਗ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਡਾ. ਪਨੇਸਰ ਨੇ ਕਿਹਾ ਕਿ ਮਾਂ ਦੀ ਮਮਤਾ ਅਤੇ ਪਿਤਾ ਦੀ ਕੁਰਬਾਨੀ ਬੱਚਿਆਂ ਦੇ ਜੀਵਨ ਦੀ ਮਜ਼ਬੂਤ ਨੀਂਹ ਹੁੰਦੀ ਹੈ। ਮਾਂ ਆਪਣੇ ਬੱਚਿਆਂ ਨੂੰ ਪਿਆਰ, ਸੰਸਕਾਰ ਅਤੇ ਹੌਸਲਾ ਦਿੰਦੀ ਹੈ, ਜਦਕਿ ਪਿਤਾ ਆਪਣੀ ਮਿਹਨਤ, ਜ਼ਿੰਮੇਵਾਰੀ ਅਤੇ ਅਣਗਿਣਤ ਤਿਆਗਾਂ ਰਾਹੀਂ ਪਰਿਵਾਰ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਲਈ ਹਰ ਸੰਭਵ ਯਤਨ ਕਰਦਾ ਹੈ। ਮਾਪੇ ਆਪਣੀਆਂ ਲੋੜਾਂ ਨੂੰ ਪਿੱਛੇ ਰੱਖ ਕੇ ਬੱਚਿਆਂ ਦੀਆਂ ਖੁਸ਼ੀਆਂ, ਪੜ੍ਹਾਈ ਅਤੇ ਤਰੱਕੀ ਨੂੰ ਪਹਿਲ ਦਿੰਦੇ ਹਨ, ਪਰ ਅਕਸਰ ਬੱਚੇ ਵੱਡੇ ਹੋਣ ਤੋਂ ਬਾਅਦ ਉਨ੍ਹਾਂ ਦੇ ਇਸ ਅਥਾਹ ਯੋਗਦਾਨ ਨੂੰ ਅਣਗੌਲਿਆਂ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਪਰਿਵਾਰਕ ਮੈਂਬਰਾਂ ਕੋਲ ਇੱਕ-ਦੂਜੇ ਨਾਲ ਬੈਠ ਕੇ ਗੱਲਬਾਤ ਕਰਨ ਲਈ ਵੀ ਸਮਾਂ ਘੱਟ ਰਹਿ ਗਿਆ ਹੈ। ਮੋਬਾਈਲ ਫ਼ੋਨਾਂ, ਕੰਮਕਾਜ ਅਤੇ ਨਿੱਜੀ ਰੁਝੇਵਿਆਂ ਵਿੱਚ ਉਲਝੇ ਰਹਿਣ ਕਾਰਨ ਬਜ਼ੁਰਗ ਮਾਪਿਆਂ ਨੂੰ ਕਈ ਵਾਰ ਇਕੱਲੇਪਣ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਿੱਚ ਉਨ੍ਹਾਂ ਕੋਲ ਬੈਠਣਾ, ਉਨ੍ਹਾਂ ਦੀਆਂ ਗੱਲਾਂ ਸੁਣਨਾ, ਸਿਹਤ ਦਾ ਧਿਆਨ ਰੱਖਣਾ ਅਤੇ ਉਨ੍ਹਾਂ ਨੂੰ ਆਪਣਾਪਣ ਮਹਿਸੂਸ ਕਰਵਾਉਣਾ ਬੱਚਿਆਂ ਦਾ ਮੁੱਢਲਾ ਫ਼ਰਜ਼ ਹੈ।

# ਖੰਨਾ ਵਿੱਚ ਧੂਮਧਾਮ ਨਾਲ ਮਨਾਇਆ ਗਿਆ ਦੁਸਹਿਰਾ ਤਿਉਹਾਰ, ਅਧਰਮ 'ਤੇ ਧਰਮ ਦੀ ਜਿੱਤ ਦਾ ਗਵਾਹ ਬਣਿਆ ਇਤਿਹਾਸਕ ਸਮਾਗਮ

ਸਾਂਝੀ ਖ਼ਬਰ

ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਪੁਤਲਿਆਂ ਨੂੰ ਲਗਾਈ ਅੱਗ, ਬੁਰਾਈ 'ਤੇ ਚੰਗਿਆਈ ਦੀ ਜਿੱਤ ਦਾ ਦਿੱਤਾ ਸੰਦੇਸ਼*

*ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਮੁੱਖ ਮਹਿਮਾਨ ਵਜੋਂ ਪਹੁੰਚੇ*

*ਪ੍ਰਸਿੱਧ ਪੰਜਾਬੀ ਗਾਇਕ ਬੱਬੂ ਮਾਨ, ਵਿਸ਼ੇਸ਼ ਮਹਿਮਾਨ ਬਿੰਨੂ ਢਿੱਲੋਂ, ਦੇਵ ਖਰੌੜ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ*

*ਆਪਣੇ ਅੰਦਰਲੇ ਰਾਵਣ ਦਾ ਦਹਿਨ ਕਰਨ 'ਤੇ ਹੀ ਮਿਲੇਗਾ ਭਗਵਾਨ ਸ੍ਰੀ ਰਾਮ ਦਾ ਆਸ਼ੀਰਵਾਦ: ਮੰਤਰੀ ਸੌਂਦ*



ਜਸਵੀਰ ਸਿੰਘ ਮਣਕੂ
ਖੰਨਾ, 20 ਅਕਤੂਬਰ

ਬੁਰਾਈ 'ਤੇ ਚੰਗਿਆਈ ਦੀ ਜਿੱਤ ਅਤੇ ਭਾਰਤੀ ਸੰਸਕ੍ਰਿਤੀ ਦੇ ਪ੍ਰਤੀਕ ਦੁਸਹਿਰੇ ਦੇ ਪਵਿੱਤਰ ਤਿਉਹਾਰ ਮੌਕੇ ਖੰਨਾ ਵਿੱਚ ਸ਼ਾਨਦਾਰ ਦੁਸਹਿਰਾ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਵਿਸ਼ਾਲ ਪੁਤਲਿਆਂ ਦਾ ਦਹਿਨ ਕੀਤਾ ਗਿਆ। ਜਿਵੇਂ ਹੀ ਪੁਤਲਿਆਂ ਨੂੰ ਅੱਗ ਲਗਾਈ ਗਈ, ਪੂਰਾ ਮੈਦਾਨ ਆਤਿਸ਼ਬਾਜ਼ੀ ਅਤੇ 'ਜੈ ਸ੍ਰੀ ਰਾਮ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਸ ਮੌਕੇ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਤ-ਮਹਾਤਮਾਵਾਂ ਵਿੱਚ ਸਤਿਕਾਰਯੋਗ ਸਵਾਮੀ ਸੱਚਿਦਾਨੰਦ ਜੀ ਮਹਾਰਾਜ, ਗੌਂਸੀ ਦੀ ਖੂਹੀ ਵਾਲੇ, ਮਹੰਤ ਮਨਸਾ ਗਿਰੀ ਜੀ, ਮੰਦਰ ਕਰਮੀ ਸ਼ਿਵਾਲਾ, ਬਾਈ ਜੀ ਦਰਸ਼ਨ ਪੁਰੀ ਜੀ, ਨੰਗਲੀ ਕੁਟੀਆ ਆਸ਼ਰਮ, ਬਾਈ ਜੀ ਨਿਰਦੋਸ਼ ਪੁਰੀ ਜੀ, ਨੰਗਲੀ ਕੁਟੀਆ ਆਸ਼ਰਮ, ਸੰਤ ਪੂਰਨਾਚਾ-ਰਿਆ ਸਰਸਵਤੀ ਜੀ, ਟੁਕੜੀਆਂ ਵਾਲਾ ਮੰਦਰ, ਸੰਤ ਸ਼ਾਰਦਾ ਮਾਤਾ ਜੀ, ਟੁਕੜੀਆਂ ਵਾਲਾ ਮੰਦਰ ਸਮੇਤ ਹੋਰ ਸੰਤ-ਮਹਾਤਮਾ ਹਾਜ਼ਰ ਸਨ।

ਦੁਸਹਿਰਾ ਉਤਸਵ ਕਮੇਟੀ ਰਜਿਸਟਰਡ ਖੰਨਾ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਪਰਿਵਾਰ ਸਮੇਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਸਿੱਧ ਪੰਜਾਬੀ ਗਾਇਕ ਬੱਬੂ ਮਾਨ, ਵਿਸ਼ੇਸ਼ ਮਹਿਮਾਨ ਬਿੰਨੂ ਢਿੱਲੋਂ, ਦੇਵ ਖਰੌੜ, ਕਲਾਕਾਰ ਕੁਮਾਰ ਗੌਰਵ, ਬਲਬੀਰ ਰਾਏ ਐਂਡ ਪਾਰਟੀ, ਮਨੀ ਬਾਜਵਾ, ਮਨਰਾਜ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ। ਪ੍ਰਬੰਧਕਾਂ ਵੱਲੋਂ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਦੁਸਹਿਰੇ ਦਾ ਤਿਉਹਾਰ ਸਾਨੂੰ ਸੱਚਾਈ, ਧਰਮ ਅਤੇ ਨੇਕੀ ਦੇ ਰਾਹ 'ਤੇ ਚੱਲਣ ਦੀ ਪ੍ਰੇਰਣਾ ਦਿੰਦਾ ਹੈ। ਭਗਵਾਨ ਸ੍ਰੀ ਰਾਮ ਦਾ ਜੀਵਨ ਆਦਰਸ਼ਾਂ, ਮਰਿਆਦਾ ਅਤੇ ਨਿਆਂ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਰਾਵਣ ਦੇ ਪੁਤਲੇ ਦਾ ਦਹਿਨ ਕਰਨ ਦੇ ਨਾਲ-ਨਾਲ ਸਾਨੂੰ ਆਪਣੇ ਅੰਦਰ ਮੌਜੂਦ ਹੰਕਾਰ, ਗੁੱਸੇ, ਲਾਲਚ, ਈਰਖਾ ਅਤੇ ਹੋਰ ਬੁਰਾਈਆਂ ਨੂੰ ਖ਼ਤਮ ਕਰਨ ਦਾ ਸੰਕਲਪ ਵੀ ਲੈਣਾ ਚਾਹੀਦਾ ਹੈ। ਆਪਣੇ ਅੰਦਰ ਦੀਆਂ ਬੁਰਾਈਆਂ ਨੂੰ ਦੂਰ ਕਰਕੇ ਹੀ ਅਸੀਂ ਭਗਵਾਨ ਸ੍ਰੀ ਰਾਮ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਸਕਦੇ ਹਾਂ।

ਮੰਤਰੀ ਸੌਂਦ ਨੇ ਕਿਹਾ ਕਿ ਦੁਸਹਿਰਾ ਸਿਰਫ਼ ਇੱਕ ਧਾਰਮਿਕ ਤਿਉਹਾਰ ਹੀ ਨਹੀਂ, ਸਗੋਂ ਸਮਾਜ ਨੂੰ ਸੱਚਾਈ ਅਤੇ ਸਦਾਚਾਰ ਦਾ ਸੰਦੇਸ਼ ਦੇਣ ਵਾਲਾ ਪਵਿੱਤਰ ਪਰਵ ਵੀ ਹੈ। ਅਜਿਹੇ ਸਮਾਗਮ ਸਾਡੀ ਅਮੀਰ ਭਾਰਤੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਸਮਾਗਮ ਦੌਰਾਨ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਵਿਸ਼ਾਲ ਪੁਤਲਿਆਂ ਦਾ ਦਹਿਨ ਖਿੱਚ ਦਾ ਮੁੱਖ ਕੇਂਦਰ ਰਿਹਾ। ਪੁਤਲਿਆਂ ਨੂੰ ਅੱਗ ਲੱਗਦਿਆਂ ਹੀ ਆਸਮਾਨ ਆਤਿਸ਼ਬਾਜ਼ੀ ਨਾਲ ਜਗਮਗਾ ਉੱਠਿਆ ਅਤੇ ਮੈਦਾਨ ਵਿੱਚ ਮੌਜੂਦ ਲੋਕਾਂ ਨੇ 'ਜੈ ਸ੍ਰੀ ਰਾਮ' ਦੇ ਜੈਕਾਰਿਆਂ ਨਾਲ ਮਾਹੌਲ ਨੂੰ ਭਗਤੀਮਈ ਬਣਾ ਦਿੱਤਾ। ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਵਿੱਚ ਤਿਉਹਾਰ ਨੂੰ ਲੈ ਕੇ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ।

ਦੁਸਹਿਰਾ ਉਤਸਵ ਕਮੇਟੀ ਵੱਲੋਂ ਪ੍ਰਧਾਨ ਵਿਕਾਸ ਅਗਰਵਾਲ ਦੀ ਅਗਵਾਈ ਹੇਠ ਸਮਾਗਮ ਨੂੰ ਸਫ਼ਲ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਗਏ ਸਨ। ਧਾਰਮਿਕ ਉਤਸ਼ਾਹ ਅਤੇ ਸ਼ਰਧਾ ਦੇ ਮਾਹੌਲ ਵਿੱਚ ਸੰਪੰਨ ਹੋਏ ਇਸ ਸਮਾਗਮ ਨੇ ਸ਼ਹਿਰ ਵਾਸੀਆਂ ਨੂੰ ਭਗਵਾਨ ਸ੍ਰੀ ਰਾਮ ਦੇ ਆਦਰਸ਼ਾਂ 'ਤੇ ਚੱਲਣ ਅਤੇ ਸਮਾਜ ਵਿੱਚ ਪਿਆਰ, ਭਾਈਚਾਰੇ ਤੇ ਸਦਭਾਵਨਾ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ।

ਇਸ ਮੌਕੇ ਨਗਰ ਕੌਂਸਲ ਖੰਨਾ ਦੇ ਪ੍ਰਧਾਨ ਜਤਿੰਦਰ ਪਾਠਕ, ਸੀਨੀਅਰ ਮੀਤ ਪ੍ਰਧਾਨ ਹਰੀਸ਼ ਗੁਪਤਾ, ਮੀਤ ਪ੍ਰਧਾਨ ਕਰਮਜੀਤ ਸਿਫ਼ਤੀ, ਓਐੱਸਡੀ ਕਰੁਣ ਅਰੋੜਾ, ਐਡਵੋਕੇਟ ਮਨਰੀਤ ਸਿੰਘ ਨਾਗਰਾ, ਦੁਸਹਿਰਾ ਉਤਸਵ ਕਮੇਟੀ ਖੰਨਾ ਦੇ ਪ੍ਰਧਾਨ ਵਿਕਾਸ ਅਗਰਵਾਲ, ਮੀਤ ਪ੍ਰਧਾਨ ਰਾਕੇਸ਼ ਸ਼ਾਹੀ, ਜਨਰਲ ਸਕੱਤਰ ਲਵਲੇਸ਼ ਅਰੋੜਾ, ਖ਼ਜ਼ਾਨਚੀ ਮੋਹਿੰਦਰ ਅਰੋੜਾ, ਪੀਏ ਮਹੇਸ਼ ਕੁਮਾਰ, ਚੇਅਰਮੈਨ ਜਗਤਾਰ ਸਿੰਘ ਗਿੱਲ, ਚੇਅਰਮੈਨ ਲਖਵੀਰ ਸਿੰਘ ਗਿੱਲ, ਹਲਕਾ ਕੋਆਰਡੀਨੇਟਰ ਮਾਸਟਰ ਅਵਤਾਰ ਸਿੰਘ, ਕੁਲਵੰਤ ਸਿੰਘ ਮੇਹਮੀ, ਅਮਰਿੰਦਰ ਸਿੰਘ ਚਹਿਲ, ਤੇਜਿੰਦਰ ਸਿੰਘ ਸੌਂਦ, ਆਮ ਆਦਮੀ ਪਾਰਟੀ ਦੇ ਯੂਥ ਆਗੂ ਕਰਨ ਵਰਮਾ, ਦਮਨ ਮਹਿਰਾ, ਗੁਰਸੀਰਤ ਸਿੰਘ ਬਾਦਸ਼ਾਹ, ਕੌਂਸਲਰ ਪਤੀ ਬਲਬੀਰ ਰਾਏ, ਕੌਂਸਲਰ ਪ੍ਰਦੀਪ ਰਤਨ, ਕੌਂਸਲਰ ਪਤੀ ਗੁਰਦੀਪ ਸਿੰਘ ਦੀਪੂ, ਕੌਂਸਲਰ ਪਤੀ ਮਨਿੰਦਰ ਸ਼ਰਮਾ, ਕੌਂਸਲਰ ਗੁਰਮੇਲ ਸਿੰਘ ਕਾਲਾ, ਕੌਂਸਲਰ ਰਾਜ ਕੁਮਾਰ ਲਖੀਆ, ਕੌਂਸਲਰ ਸੁਰਿੰਦਰ ਬਾਵਾ, ਕੌਂਸਲਰ ਬਲਵੰਤ ਲੋਹਟ, ਕੌਂਸਲਰ ਪਤੀ ਹੈਪੀ ਮਲਹੋਤਰਾ, ਕੌਂਸਲਰ ਪਤੀ ਹਰਜੀਤ ਸਿੰਘ ਭਾਟੀਆ, ਕੌਂਸਲਰ ਪਤੀ ਗੌਰਵ ਮੋਦਗਿਲ, ਕੌਂਸਲਰ ਹਰਦੀਪ ਸਿੰਘ ਦੀਪਾ, ਅਮਿਤ ਮਿੱਤਲ, ਕੌਂਸਲਰ ਨਿਸ਼ੂ ਕਪਿਲਾ, ਵਿੱਕੀ ਮਸ਼ਾਲ, ਕੌਂਸਲਰ ਮਨੂ ਮਨੋਚਾ, ਕੌਂਸਲਰ ਅਮਨ ਕਟਾਰੀਆ, ਵਿਕਾਸ ਭਾਟੀਆ, ਸਨੀ ਸ਼ਰਮਾ, ਹਰਬੰਸ ਸਿੰਘ ਰੋਸ਼ਾ, ਅਮਰਦੀਪ ਸਿੰਘ ਪੂਰੇਵਾਲ, ਪੁਨੀਤ ਖਤੜ, ਰਣਵੀਰ ਖੰਨਾ, ਦਿਨੇਸ਼ ਬਾਂਸਲ, ਯਾਦਵਿੰਦਰ ਸਿੰਘ ਲਿਬੜਾ, ਰਾਜਿੰਦਰ ਪੁਰੀ, ਨਰੇਸ਼ ਪੁਰੀ, ਰੋਹਿਤ ਅਗਰਵਾਲ, ਸੰਜੀਵ ਕੁਮਾਰ, ਬਬਲੀ ਸਾਹਨੇਵਾਲੀਆ, ਪ੍ਰਗਟ ਸਿੰਘ ਰੋਹਣੋ, ਹਰਜੀਤ ਸਿੰਘ ਸੋਹਲ, ਗੁਰਬਚਨ ਸਿੰਘ, ਰਾਕੇਸ਼ ਵਰਮਾ, ਰਮਨ ਸ਼ਰਮਾ, ਰਾਜਨ, ਦਰਸ਼ਨ ਸਿੰਘ, ਕੀਮਤੀ ਲਾਲ, ਗੁਰਮੁਖ ਸਿੰਘ, ਮਲਕੀਤ ਸਿੰਘ, ਅਵਤਾਰ ਸਿੰਘ ਮਾਨ, ਬਲਰਾਮ ਬਾਲੂ, ਸੁਖਮਨਜੀਤ ਸਿੰਘ, ਨਿਤਿਨ ਕੁਮਾਰ ਗਰਗ, ਨਿਧੀ ਗਰਗ, ਪ੍ਰਦੀਪ ਕੁਮਾਰ ਸੋਨੂੰ, ਅਮਿਤ ਭਾਟੀਆ, ਡਬਲਯੂ ਚੰਦਰਾ, ਗੌਰਵ ਸ਼ਕਤੀ, ਪ੍ਰਭੂ ਸ੍ਰੀ ਰਾਮਲੀਲਾ ਕਮੇਟੀ ਦੇ ਸਮੂਹ ਪ੍ਰਮੁੱਖ ਮੈਂਬਰਾਂ ਸਮੇਤ ਆਮ ਆਦਮੀ ਪਾਰਟੀ ਦੇ ਕਈ ਸੀਨੀਅਰ ਆਗੂ ਅਤੇ ਵਰਕਰ ਹਾਜ਼ਰ ਸਨ।

ਇਸ ਮੌਕੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਸ਼ਹਿਰ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਵੀ ਮੌਜੂਦ ਸਨ।

# ਪੰਜਾਬ ਦੀ ਆਖ਼ਰੀ ਵੋਟਰ ਸੂਚੀ ਦੀ ਜਾਂਚ 'ਚ ਜੁਟੇ ਸਿਆਸੀ ਦਲ, ਕਾਂਗਰਸ, 'ਆਪ' ਤੇ ਅਕਾਲੀ ਦਲ ਬੂਥ ਪੱਧਰ 'ਤੇ ਪਰਖ ਰਹੇ ਵੇਰਵੇ, ਭਾਜਪਾ ਸੰਤੁਸ਼ਟ

ਸਾਂਝੀ ਖ਼ਬਰ



ਚੰਡੀਗੜ੍ਹ, (ਗਗਨਦੀਪ ਕੌਰ) ਪੰਜਾਬ ਵਿਚ ਵਿਸ਼ੇਸ਼ ਗਹਿਰੇ ਪੁਨਰੀਖਣ (ਐੱਸਆਈਆਰ) ਤੋਂ ਬਾਅਦ ਜਾਰੀ ਆਖ਼ਰੀ ਵੋਟਰ ਸੂਚੀ ਦੀ ਸਮੀਖਿਆ ਸਿਆਸੀ ਪਾਰਟੀਆਂ ਕਰ ਰਹੀਆਂ ਹਨ। ਸੂਚੀ 'ਚੋਂ 13.60 ਲੱਖ ਤੋਂ ਵੱਧ ਨਾਂ ਹਟਾ ਦਿੱਤੇ ਗਏ ਹਨ। ਕਾਂਗਰਸ, 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਆਪਣੇ ਪੱਧਰ 'ਤੇ ਵੋਟਰ ਸੂਚੀ ਦੀ ਜਾਂਚ ਕਰ ਰਹੇ ਹਨ ਪਰ ਕਿਸੇ ਧਿਰ ਨੇ ਹਾਲੇ ਚੋਣ ਕਮਿਸ਼ਨ ਕੋਲ ਰਸਮੀ ਇਤਰਾਜ਼ ਨਹੀਂ ਜਤਾਇਆ। ਮੁੱਖ ਚੋਣ ਅਧਿਕਾਰੀ ਨੇ 12 ਅਕਤੂਬਰ ਨੂੰ ਆਖ਼ਰੀ ਸੂਚੀਆਂ ਪਾਰਟੀਆਂ ਨੂੰ ਸੌਂਪੀਆਂ ਸਨ।

ਕਾਂਗਰਸ ਪ੍ਰਧਾਨ ਪਰਗਟ ਸਿੰਘ ਅਨੁਸਾਰ, ਕਾਰਕੁਨ ਬੂਥ ਪੱਧਰ 'ਤੇ ਸੂਚੀਆਂ ਦੀ ਪੜਚੋਲ ਕਰ ਰਹੇ ਹਨ। ਪੜਚੋਲ ਦੌਰਾਨ ਕੁਝ ਥਾਵਾਂ 'ਤੇ ਬੇਨਿਯਮੀਆਂ ਮਿਲੀਆਂ ਹਨ। ਪਾਰਟੀ ਤੱਥਾਂ ਦੀ ਪੜਤਾਲ ਕਰ ਕੇ ਦਸਤਾਵੇਜ਼ਾਂ ਸਮੇਤ ਵਿਸਥਾਰਪੂਰਵਕ ਰਿਪੋਰਟ ਬਣਾਏਗੀ ਅਤੇ ਨਿਰਧਾਰਤ ਸਮਾਂ-ਸੀਮਾ ਅੰਦਰ ਚੋਣ ਕਮਿਸ਼ਨ ਕੋਲ ਇਤਰਾਜ਼ ਦਰਜ ਕਰਵਾਏਗੀ। ਉਨ੍ਹਾਂ ਕਿਹਾ ਕਿ ਇਹ ਕਵਾਇਦ ਸੂਚੀ ਵਿਚ ਤੱਥਾ ਦੀ ਗਲਤੀਆਂ ਰੋਕਣ ਲਈ ਹੈ।

'ਆਪ' ਦੇ ਨੁਮਾਇੰਦੇ ਐਡਵੋਕੇਟ ਪੈਰੀ ਸੋਫਤ ਨੇ ਕਿਹਾ ਕਿ ਪਾਰਟੀ ਜ਼ਮੀਨੀ ਪੱਧਰ 'ਤੇ ਸੰਭਾਵੀ ਬੇਨਿਯਮੀਆਂ ਦੀ ਜਾਂਚ ਕਰ ਰਹੀ ਹੈ। ਨਤੀਜੇ ਇਕੱਠੇ ਕੀਤੇ ਜਾ ਰਹੇ ਹਨ, ਤਾਂ ਜੋ ਸ਼ਿਕਾਇਤ ਤੱਥਾਂ ਦੇ ਆਧਾਰ 'ਤੇ ਪੇਸ਼ ਹੋ ਸਕੇ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਪਾਰਟੀ ਨੂੰ ਐੱਸਆਈਆਰ ਦੀ ਪ੍ਰਕਿਰਿਆ 'ਤੇ ਇਤਰਾਜ਼ ਨਹੀਂ। ਸੂਚੀਆਂ ਹਰ ਵਿਧਾਨ ਸਭਾ ਹਲਕੇ 'ਚ ਪਹੁੰਚਾ ਦਿੱਤੀਆਂ ਗਈਆਂ ਹਨ। ਕਾਰਕੁੰਨਾਂ ਨੂੰ ਕਿਹਾ ਹੈ ਕਿ ਗੜਬੜੀ ਮਿਲਣ 'ਤੇ ਤੁਰੰਤ ਲੀਡਰਸ਼ਿਪ ਨੂੰ ਦੱਸਣ, ਤਾਂ ਜੋ ਲਿਖਤੀ ਸ਼ਿਕਾਇਤ ਦਿੱਤੀ ਜਾ ਸਕੇ।

ਭਾਜਪਾ ਆਗੂ ਸੁਨੀਲ ਜਾਖੜ ਵਿਰੋਧੀ ਧਿਰਾਂ ਨੂੰ ਖਾਮੀਆਂ ਲੱਭਣ ਦੀ ਚੁਣੌਤੀ ਦੇ ਰਹੇ ਹਨ। ਉਨ੍ਹਾਂ ਮੁਤਾਬਕ, ਪੁਨਰੀਖਣ ਕਾਨੂੰਨ ਮੁਤਾਬਕ ਹੋਇਆ ਤੇ ਭਾਜਪਾ ਨੁਮਾਇੰਦਿਆਂ ਨੇ ਹੋਰ ਧਿਰਾਂ ਨਾਲ ਹਰ ਪੜਾਅ 'ਤੇ ਸਹਿਮਤੀ ਜਤਾਈ। ਸੂਚੀਆਂ ਮਿਲਣ ਤੋਂ ਅਗਲੇ ਦਿਨ ਪਰਗਟ ਸਿੰਘ ਅਤੇ 'ਆਪ' ਪ੍ਰਧਾਨ ਅਮਨ ਅਰੋੜਾ ਨੇ ਕਿਹਾ ਸੀ ਕਿ ਜਾਂਚ ਪੂਰੀ ਹੋਣ ਮਗਰੋਂ ਟਿੱਪਣੀ ਕਰਨਗੇ।

ਅੰਕੜਿਆਂ ਅਨੁਸਾਰ, ਖਰੜਾ ਸੂਚੀ 'ਚੋਂ 20,66,608 ਨਾਂ ਹਟਾਏ ਗਏ, ਜਦਕਿ ਪ੍ਰਕਿਰਿਆ ਦੌਰਾਨ 7,06,292 ਨਵੇਂ ਵੋਟਰ ਜੋੜੇ। ਇਸ ਕਰ ਕੇ ਆਖ਼ਰੀ ਸੂਚੀ 'ਚ 13,60,316 ਵੋਟਰ ਘੱਟੇ। ਸੂਬਾ ਚੋਣ ਅਧਿਕਾਰੀ ਨੇ ਕਿਹਾ ਸੀ ਕਿ ਨਾਂ ਹਟਾਉਣ ਵੇਲੇ ਪਾਰਟੀਆਂ ਦੇ ਬੂਥ ਏਜੰਟਾਂ ਦੇ ਦਸਤਖ਼ਤ ਲਏ ਸਨ, ਤਾਂ ਜੋ ਪ੍ਰਕਿਰਿਆ ਬਾਰੇ ਭਰਮ ਨਾ ਰਹੇ।


TAO
ACUPRESSURE
THERAPY CENTER
Our Services
Back Pain
Neck Pain
Knee Pain
Shoulder
Headache
Heel Pain
Muscle Pain
Sciatica
Cervical
Information
Timming :
Monday To Friday
06:00 - 09:00
Saturday & Sunday
11:00 - 07:00
FOR APPOINTMENT
Contact : 84271-22011
St. No. 3/2, Kothi No. 109,
Green Avenue, Bibiwala Road, Bathinda.


Fit Life
Capsules
Sex, Vigour, Stemina
100% RESULT
1 Capsule
Fit Life
फिट लाईफ
Capsules
Sex, Vigour, Stemina
फिट लाईफ खाओ,
मस्त हो जाओ।
DOM MEDIOS +919417929096
We need Distributors in PUNJAB, HARYANA, HIMACHAL & DELHI
ORDER NOW
+91 91030-00028


SINCE 1978
AMRIK DHABA
PURE VEG.
BREAKFAST, LUNCH, DINNER
ORDER ONLINE ON
zomato
SWIGGY
FULLY AC
HEAD OFFICE : MEHNA CHOWK, BATHINDA.
PHONE : 0164-5007071, 9814129629





# ਮਾਂ ਹੈ ਮੁਝਸੇ ਖ਼ਫ਼ਾ ਨਹੀਂ ਹੋਤੀ _ਰਾਜ ਕਾਕੜਾ

ਰਾਜ ਕਾਕੜਾ ਦਾ ਰਾਜ ਹੈ ਅਨਮੋਲ ਅੱਖਰਾਂ ਤੇ ਓਹਨਾਂ ਅਨਮੋਲ ਅੱਖਰਾਂ ਨੂੰ ਸ਼ਾਇਰੀ ਦੇ ਇਲਮ ਚ ਤਰੰਨਮ ਦਾ ਸ਼ਿੰਗਾਰ ਕਰਦਾ ਰਾਜ ਕਾਕੜਾ ਜਿਹੜੇ ਗੀਤ ਲਿਖਦੇ ਹਨ ਉਹ ਸਦਾਬਹਾਰ ਬਣ ਗਏ ਹਨ ਬਣ ਜਾਣਗੇ।ਰਾਜ ਕਾਕੜਾ ਆਪਣੀ ਮਾਂ ਨੂੰ ਬਹੁਤ ਸਨੇਹ ਕਰਦੇ ਨੇ ਤੇ ਮੁੰਨਵਰ ਰਾਣਾ ਦੀ ਸ਼ਾਇਰੀ ਬੋਲਦੇ ਆਖਦੇ ਨੇ ਇੱਕ ਮਾਂ ਹੀ ਹੈ ਜਿਹੜੀ ਕਦੇ ਮੇਰੇ ਨਾਲ ਨਰਾਜ਼ ਨਹੀਂ ਹੁੰਦੀ।ਰਾਜ ਕਾਕੜਾ ਦੇ ਗੀਤ ਅਰਮਾਨ ਦਿਲ ਦੇ , ਗੀਤ ਗੱਲ ਪੰਜਾਬ ਦੀ , ਗੀਤ ਨਿਜ਼ਾਮ ਚ ਆਉਂਦੇ ਨਿਘਾਰ ਦੀ ਗੱਲ ਤੇ ਗੀਤ ਕੌਮ ਨੂੰ ਜਗਾਉਂਦੇ ਇਨਕਲਾਬੀ ਤੇ ਰਾਜ ਕਾਕੜਾ ਦੀ ਕਿਤਾਬ "ਪੈਂਡਾ" ਦੱਸਦੀ ਹੈ ਕਿ ਰਾਜ ਕਿਸ ਪੈਂਡੇ ਤੇ ਜਾਣਾ ਚਾਹੁੰਦਾ ਸੀ ਤੇ ਕਿਹੜੇ ਪੈਂਡੇ ਓਸ ਨੂੰ ਪਏ।ਗੱਲ ਫ਼ਿਲਮਜ਼ ਦੀ ਤਾਂ ਰਾਜ ਨੇ ਕੌਮ ਦੇ ਹਲਾਤਾਂ ਤੇ ਫ਼ਿਲਮਾਂ ਕੀਤੀਆਂ ਐਕਟਿੰਗ ਹਕੀਕੀ ਕੀਤੀ ਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਜਾਣਦੇ ਨੇ ਵਿਰਸੇ ਤੇ ਕੌਮ ਦਾ ਇਹ ਲਿਖਾਰੀ ਸਦਾ ਸਾਡਾ ਅਨਮੋਲ ਖਜ਼ਾਨਾ ਰਹੂ ਆਖ਼ਿਰ ਕਦੇ ਨਾ ਖ਼ਫ਼ਾ ਹੋਣ ਵਾਲੀ ਮਾਂ ਦਾ ਅਸ਼ੀਰਵਾਦ ਹੈ।_ਅੰਮ੍ਰਿਤ ਪਵਾਰ।



# ਗੁਰਦਾਸ ਮਾਨ ਸ਼ੋ ਝੋਟਾ ਦੇ ਹੱਕ ਵਿੱਚ ਕੈਂਸਲ_ਲਲਿਤ ਮਹਿਤਾ

ਥੋੜ੍ਹੇ ਦਿਨਾਂ ਤੱਕ ਅੰਮ੍ਰਿਤਸਰ ਸਾਹਿਬ ਹੋਣ ਜਾ ਰਹੇ "ਗੁਰਦਾਸ ਮਾਨ ਲਾਈਵ ਸ਼ੋ" ਨੂੰ ਮੁਲਤਵੀ ਕਰ ਦਿੱਤਾ ਗਿਆ ਹੈ ਤੇ ਨਵੀਂ ਤਰੀਕ ਜਲਦ ਦਿੱਤੀ ਜਾਏਗੀ।ਆਰਵ ਪ੍ਰੋਡਕਸ਼ਨ ਨੇ ਦੱਸਿਆ ਕਿ ਗੁਰਦਾਸ ਮਾਨ ਸਾਬ ਝੋਟਾ ਦੇ ਹੱਕ ਚ ਇਹ ਸ਼ੋ ਮੁਲਤਵੀ ਕਰ ਰਹੇ ਹਨ ਤੇ ਓਹ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਕਰਦੇ ਆਖ ਰਹੇ ਨੇ ਅਜੇ ਦਿਲ ਹੀ ਗਵਾਹੀ ਨਹੀਂ ਦਿੰਦਾ ਕਿ ਓਹ ਸ਼ੋ ਕਰਨ ।ਇਹਨਾਂ ਨੇ ਝੋਟਾ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ ।ਲਲਿਤ ਮਹਿਤਾ ਨੇ ਕਿਹਾ ਕਿ ਆਰਵ ਪ੍ਰੋਡਕਸ਼ਨ ਪੰਜਾਬ ਦੇ ਲੋਕਾਂ ਨਾਲ ਹੈ ਤੇ ਗੁਰਦਾਸ ਮਾਨ ਸਾਬ ਦਾ ਪੰਜਾਬੀ ਪਿਆਰ , ਓਹਨਾਂ ਨੂੰ ਝੋਟਾ ਦਾ ਤੁਰ ਜਾਣਾ ਦਿਲ ਉਦਾਸ ਹੈ।ਆਰਵ ਪ੍ਰੋਡਕਸ਼ਨ ਨੇ ਆਪਣੇ ਸੋਸ਼ਲ ਮੀਡੀਆ ਤੇ ਜਾਣਕਾਰੀ ਦਿੱਤੀ ਹੈ।_ਅੰਮ੍ਰਿਤ ਪਵਾਰ।




# ਮੇਲ ਕਰਾਦੇ ਰੱਬਾ ਨਾਲ ਰਚਿਆ ਇਤਿਹਾਸ_ਰਾਜਨ ਬੱਤਰਾ

ਤਾਂ ਹੀ ਤੇ ਅੱਜ ਤੱਕ ਪਾਲੀਵੁੱਡ ਸ਼ੋ ਮੇਨ ਰਾਜਨ ਬੱਤਰਾ ਨੂੰ ਆਪਾਂ ਆਖਦੇ ਹਾਂ ਕਿ ਦੇਖ ਲਓ "ਮੇਲ ਕਰਾਦੇ ਰੱਬਾ " ਜੀਹਨੇ ਮੇਰਾ ਦਿਲ " ਬਾਅਦ ਬਹੁਤ ਫ਼ਿਲਮਾਂ, ਦਿਲਜੋਤ, ਕਾਜਲ , ਕੀਆ ਮਲੀਨਾ , ਮਹਿਮਾ ਹੋਰਾ ਨੂੰ ਹੀਰੋਇਨ ਬਣਾ ਦੇਣਾ, ਯੁਵਰਾਜ ਹੰਸ, ਹਰੀਸ਼ ਵਰਮਾ ਦਾ ਕੈਰੀਅਰ ਸੰਵਾਰਨ ਤੇ ਦਿਲਜੀਤ, ਗਿੱਪੀ ਗਰੇਵਾਲ ਤੋਂ ਨੀਰੂ ਬਾਜਵਾ ਤੱਕ ਸਭ ਚਮਕਾਏ ਰਾਜਨ ਬੱਤਰਾ ਨੇ ਦੇਖੋ ਅੱਜ ਓਹਨਾਂ ਸੋਸ਼ਲ ਮੀਡੀਆ ਤੇ " ਮੇਲ ਕਰਾਦੇ ਰੱਬਾ " ਬਾਰੇ ਪੀਟੀਸੀ ਐਵਾਰਡ ਵਾਲੀ ਤਸਵੀਰ ਤੇ ਲਫਜ਼ ਸਾਂਝੇ ਕੀਤੇ ਤਾਂ ਇਤਿਹਾਸਕ ਪਲ ਸਨ ਓਹ। ਹੁਣ ਅੱਜ ਨਿਰਮਾਤਾ ਇੱਕ ਹਿੱਟ ਦੇ ਗਾਇਬ ਪਰ ਰਾਜਨ ਬੱਤਰਾ ਨਿਰਮਾਤਾ ਵੀ , ਵਿਤਰਕ ਵੀ ਤੇ ਮਿਊਜ਼ਿਕ ਚ ਅਹਿਮ ਪ੍ਰਾਪਤੀ ਇੱਕ ਤੋਂ ਵੱਧ ਇੱਕ ਪਾਲੀਵੁੱਡ ਸ਼ੋ ਮੇਨ ਰਾਜਨ ਬੱਤਰਾ ਜਿਸ ਦਿਨ ਦਿਲ ਨੇ ਕਿਹਾ ਫਿਰ ਓਸ ਸਪੀਡ ਤੇ ਆ ਗਏ ਤਾਂ ਅੱਛੀਆਂ" ਮੇਲ ਕਰਾਦੇ ਰੱਬਾ " ਜਿਹੀਆਂ ਫ਼ਿਲਮਾਂ, ਦੁਸਹਿਰੇ ਤੇ ਓਹਨਾਂ ਦੀ ਸਾਂਝੀ ਇਹ ਤਸਵੀਰ ਭਵਿੱਖ ਸੁਨਹਿਰੀ ਦਾ ਸੰਕੇਤ ਹੈ।_ਅੰਮ੍ਰਿਤ ਪਵਾਰ।



# ਮਿਊਜ਼ਿਕ ਹੱਟ ਟੀਵੀ ਦਿਖਾਏਗੀ ਅੱਜ ਜਵਾਈ ਦੀ ਸਿਆਣਪ

ਹਰਬੀਰ ਸਿੰਘ ਢੀਂਡਸਾ ਤੇ ਕਿਰਪਾ ਏ ਅਕਾਲ ਪੁਰਖ ਦੀ ਕਿ ਦਿਮਾਗ ਨਵੇਂ ਵਿਚਾਰ ਜਿਹੜੇ ਵਿਚਰਦੇ ਨੇ ਸਾਡੇ ਆਸ ਪਾਸ ਲਿਖ ਫ਼ਿਲਮੀ ਕਰਨ ਇਸ ਦਾ ਕਰਦੇ ਹਨ।ਹਰਬੀਰ ਸਿੰਘ ਢੀਂਡਸਾ ਦਾ ਬੈਨਰ ਮਿਊਜ਼ਿਕ ਹੱਟ ਟੀਵੀ ਚੜ੍ਹਦੀਕਲਾ ਵਿੱਚ ਹੈ।ਬਾਕੀ ਨਿਰਦੇਸ਼ਨ ਵੀ ਓਹ ਆਪ ਦਿੰਦੇ ਨੇ ਤੇ "ਜਵਾਈ ਦੀ ਸਿਆਣਪ" ਓਹਨਾਂ ਦੀ ਨਿਊ ਲਘੂ ਫ਼ਿਲਮ ਅੱਜ ਯੂਟਿਊਬ ਤੇ ਆ ਰਹੀ ਹੈ ਸ਼ਾਮੀ ਤੇ ਇਹ ਅਮਿਤੋਜ਼ ਢੀਂਡਸਾ ਤੇ ਹਰਪ੍ਰੀਤ ਕੌਰ ਆਸਟ੍ਰੇਲੀਆ ਦੇ ਸਹਿਯੋਗ ਨਾਲ ਬਣੀ ਹੈ।ਮਨਜੀਤ ਜੱਸਲ ਤੇ ਨਾਲ ਫੁੱਲਾਂ ਵਰਗੀ ਸੁਮਨ ਬਾਠ ਕਲਾਕਾਰ ਨੇ ਫਿਲਮ ਦੇ ਤੇ ਕਨੇਡੀਅਨ ਪ੍ਰੀਤ ਗਰੇਵਾਲ ਦੇ ਐਪਰ ਅਪਾਰ ਸਹਿਯੋਗ ਨਾਲ ਆ ਰਹੀ "ਜਵਾਈ ਦੀ ਸਿਆਣਪ" ਵਿੱਚ ਜਗਨਾਰ ਸਿੰਘ ਦੇ ਨਾਲ ਨਰਿੰਦਰ ਕੌਰ ਬਰਾੜ ਵੀ ਹੈ।ਤਜਿੰਦਰ ਕੌਰ ਮਾਨ ਦਾ ਰੀਲ ਰੋਲ ਤੁਸਾਂ ਨੂੰ ਪ੍ਰਭਾਵਿਤ ਕਰੇਗਾ।ਪਰਮਜੀਤ ਕੌਰ ਢੀਂਡਸਾ ਵੱਲੋਂ ਨਿਰਮਾਣ ਸਹਿਯੋਗ ਦੇ ਬਣਾਈ ਇਹ ਫਿਲਮ ਸਹੁਰਿਆਂ ਪੇਕਿਆਂ ਕੁੜਮਾਂ ਦੇ ਦੇਖਣਯੋਗ ਫ਼ਿਲਮ ਹੈ।ਧੀਂ ਜਵਾਈ ਵੀ ਇਸ ਦਾ ਲੁਤਫ਼ ਲੈਣ ਲਈ ਤਿਆਰ ਰਹਿਣ।_ਅੰਮ੍ਰਿਤ ਪਵਾਰ।




# ਅੱਜ ਕਲ ਖ਼ੂਬ ਸਰਗਰਮ ਨੇ ਦਲੇਰ ਮਹਿਤਾ

ਢੇਰ ਸਾਰੀਆਂ ਵਧਾਈਆਂ ਦੁਸਹਿਰੇ ਦੀਆਂ ਦਿੰਦੇ ਦਲੇਰ ਮਹਿਤਾ ਨੇ ਕਿਹਾ ਕਿ ਵਧਾਈ ਢੇਰ ਓਸ ਇਸ ਲਈ ਦਿੱਤੀ ਕਿ ਲੋਕ ਜਾਗਰੂਕ ਹੋਏ ਤੇ ਅੱਜ ਨਸ਼ੇ ਦਾ ਦੁਸਹਿਰਾ ਸਾੜਿਆ ਜਾ ਰਿਹਾ ਹੈ। ਦਲੇਰ ਮਹਿਤਾ ਮੁੰਬਈ ਸ਼ੂਟਿੰਗ ਤੇ ਸਨ ਤੇ ਓਹਨਾਂ ਨਾਲ ਰਾਹੀਂ ਹੰਸ ਤੇ ਐਕਟ੍ਰੈਸ ਮੁਟਿਆਰ ਸੀ ਜਿਹਨਾ ਆਖਿਆ ਕਿ ਦਲੇਰ ਮਹਿਤਾ ਸਹੀ ਆਖ ਰਹੇ ਨੇ ਦੁੱਧ ਮੱਖਣ ਵਾਲਾ ਪੰਜਾਬ ਅੱਜ ਨਸ਼ੇ ਕਾਰਨ ਕਿੱਥੇ ਡੁੱਬ ਰਿਹਾ ਹੈ ਤੇ ਹੁਣ ਪਰਵਿੰਦਰ ਸਿੰਘ ਝੋਟਾ ਦੇ ਸ਼ਹਾਦਤ ਬਾਅਦ ਲੋਕਾਂ ਚ ਨਸ਼ੇ ਵਿਰੁੱਧ ਲਹਿਰ ਇੱਕਠੀ ਹੋਈ ਹੈ।ਦਲੇਰ ਮਹਿਤਾ ਤੇ ਅੱਜ ਕਲ ਇਧਰ ਈਸ਼ਵਰ ਦੀ ਮਿਹਰ ਹੈ।ਕੋਈ ਪੰਜਾਬੀ ਫ਼ਿਲਮ ਫਿਰ ਹਿੰਦੀ ਫ਼ਿਲਮ ਤੇ ਫਿਰ ਵੈੱਬ ਸੀਰੀਜ਼ ਯਾਨੀ ਖ਼ੂਬ ਬਿਜ਼ੀ ਨੇ ਦਲੇਰ ਮਹਿਤਾ ਤੇ ਅਗਲੇ ਸਾਲ ਬੱਚਾ ਬੱਚਾ ਦਲੇਰ ਮਹਿਤਾ ਦੇ ਨਾਮ ਤੋ ਜਾਣੂੰ ਹੋਏਗਾ। ਸੱਤੇ ਖੈਰਾਂ ਹੋਵਣ ਆਫ਼ਰੀਨ।_ਅੰਮ੍ਰਿਤ ਪਵਾਰ।



# ਦੁਸਹਿਰਾ ਸ਼ਾਂਤੀ ਨਾਲ ਗੁਜਰਿਆ ਸ਼ੁੱਕਰ ਸੁਖਵਿੰਦਰ ਗਰੇਵਾਲ



ਸੁਖਵਿੰਦਰ ਗਰੇਵਾਲ ਓਹ ਕਲਾਕਾਰ ਹੈ ਜਿਸ ਨੇ ਦੂਰਦਰਸ਼ਨ ਸਟਾਰ ਦਾ ਰੁਤਬਾ ਹਾਸਲ ਕੀਤਾ ਤੇ ਗਾਇਕੀ ਵਿੱਚ ਵੀ ਓਹ ਟੋਪ ਤੇ ਰਹੀ ਹੈ।ਸੁਖਵਿੰਦਰ ਗਰੇਵਾਲ ਨੇ ਇਮਾਨਦਾਰੀ ਨਾਲ ਸੰਘਰਸ਼ ਕੀਤਾ ਤੇ ਰੱਬ ਓਸ ਨੂੰ ਫਲ ਦਿੱਤਾ।ਸੁਖਵਿੰਦਰ ਨੇ ਪੰਜਾਬੀਆਂ ਵੱਲੋਂ ਸ਼ਾਂਤੀ ਨਾਲ ਦੁਸਹਿਰਾ ਮਨਾਉਣ ਤੇ ਸ਼ੁਕਰੀਆ ਕੀਤਾ ਤੇ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਕਾਰਨ ਤਿਉਹਾਰ ਫਿੱਕਾ ਲੱਗਿਆ ਹੈ ਪਰ ਓਹ ਜਾਨ ਦੇ ਕਿ ਮਾਵਾਂ ਦੇ ਪੁੱਤ ਬਚਾ ਗਿਆ ਹੈ।ਸੁਖ-ਵਿੰਦਰ ਕੌਰ ਗਰੇਵਾਲ ਐਨੀ ਸੋਹਣੀ ਸੀ ਜਵਾਨੀ ਵੇਲੇ ਕਿ ਓਸ ਨੇ ਹੰਸ ਰਾਜ ਹੰਸ ਨਾਲ ਟਰੈਕਟਰ ਦੀ ਮੁੱਖ ਮਾਡਲ ਬਣ ਮਸ਼ਹੂਰੀ ਕੀਤੀ ਸੀ ਤੇ ਅੱਜ ਕਲ ਵੀ ਮੇਲਿਆਂ ਚ ਵੀ ਪ੍ਰਮੁੱਖਤਾ ਨਾਲ ਹਾਜ਼ਿਰ ਹੁੰਦੀ ਹੈ।_ਅੰਮ੍ਰਿਤ ਪਵਾਰ।

# ਗੁਰਮੀਤ ਪੰਜਾਬੀ ਤੇ ਗੁਰਦੇਵ ਪੱਧਰੀ ਹੀਰੇ ਸਾਡੇ _ਦਿਲਬਾਗ ਹੁੰਦਲ

ਦਿਲਬਾਗ ਹੁੰਦਲ ਪੰਜਾਬੀ ਸੰਗੀਤ ਜਗਤ ਦਾ ਅਹਿਮ ਨਾਮ ਬਣ ਚੁੱਕਾ ਹੈ।ਦਿਲਬਾਗ ਹੁੰਦਲ ਵਿਰਸੇ ਦੀ ਗਾਇਕੀ ਨੂੰ ਸੰਭਾਲ ਰਿਹਾ ਹੈ ਤੇ ਸਦਾਬਹਾਰ ਕਲਾਕਾਰਾਂ ਨਾਲ ਇੰਟਰਵਿਊ ਆਪਣੇ ਚੈਨਲ ਤੇ ਪਾਉਂਦਾ ਨਵੀਂ ਪੀੜ੍ਹੀ ਨੂੰ ਵਿਰਸੇ ਦੀ ਗਾਇਕੀ ਦੀ ਝਲਕ ਦਿਖਾ ਰਿਹਾ ਹੈ।ਦਿਲਬਾਗ ਹੁੰਦਲ ਹੁਣ ਪੰਜਾਬ ਪੱਧਰ ਦਾ ਸੰਗੀਤਕ ਮਾਹਿਰ ਹੈ ।ਉਧਰ ਗੁਰਮੀਤ ਪੰਜਾਬੀ ਮਾਝੇ ਦਾ ਸਟਾਰ ਡਿਊਟ ਕਲਾਕਾਰ ਹੈ ਤੇ ਗੁਰਦੇਵ ਪੱਧਰੀ ਇੰਟਰਨੈਸ਼ਨਲ ਗਾਇਕ ਹੈ।ਗੁਰਦੇਵ ਪੱਧਰੀ ਤੇ ਗੁਰਮੀਤ ਪੰਜਾਬੀ ਉਚੇਚ ਨਾਲ ਦੁਸਹਿਰੇ ਤੇ ਦਿਲਬਾਗ ਹੁੰਦਲ ਨੂੰ ਮਿਲਣ ਆਏ ਤੇ ਮਾਝੇ ਦੀ ਗਾਇਕੀ ਤੇ ਮਾਝੇ ਦੇ ਵਿਸਰੇ ਭੁੱਲੇ ਕਲਾਕਾਰ ਲੋਕਾਂ ਲਈ ਕੁੱਝ ਕਰਿਓ ਕਿਹਾ।ਦਿਲਬਾਗ ਹੁੰਦਲ ਨੇ ਕਿਹਾ ਕਿ ਗੁਰਦੇਵ ਪੱਧਰੀ ਢਿੱਲੋਂ ਤੇ ਗੁਰਮੀਤ ਪੰਜਾਬੀ ਮਾਝੇ ਦੇ ਹੀਰੇ ਗਾਇਕ ਹਨ ਤੇ ਇਹ ਅੰਤਰ ਰਾਸ਼ਟਰੀ ਪੱਧਰ ਤੇ ਪਰਿਵਾਰਕ ਗਾਇਕ ਬਣ ਵਿਚਰ ਓਸ ਨੂੰ ਸਾਬਾਸ਼ ਦਿਵਾ ਰਹੇ ਹਨ ਕਿ ਦਿਲਬਾਗ ਹੁੰਦਲ ਤੇਰੇ ਇਲਾਕੇ ਦੇ ਪੰਜਾਬੀ ਤੇ ਪੱਧਰੀ ਮਾਣ ਸੰਗੀਤ ਦਾ ਹਨ।_ਅੰਮ੍ਰਿਤ ਪਵਾਰ।



# ਦੁਸਹਿਰਾ ਲੁੱਕ ਚ ਨਜ਼ਰ ਆਏ _ਅਸ਼ੋਕ ਪੁਰੀ

ਪਾਲੀਵੁੱਡ ਬਾਲੀਵੁੱਡ ਦੇ ਕਲਾਕਾਰ ਅਸ਼ੋਕ ਪੁਰੀ ਜਨਤਾ ਦੀ ਨਬਜ਼ ਨਾਲ ਚਲਦੇ ਹਨ।ਓਹ ਟਾਈਮ ਅਨੁਸਾਰ ਫਿਲਮ ਸੀਰੀਜ਼ ਨਾਟਕ ਕਰਦੇ ਹਨ।ਦੁਸ਼ਹਿਰਾ ਮੌਕੇ ਪੁਰੀ ਸਾਬ ਰਾਵਣ ਦੇ ਭੇਖ ਚ ਨਜ਼ਰ ਆਏ।ਓਹਨਾਂ ਦੀਆਂ ਤਸਵੀਰਾਂ ਨੂੰ ਸੋਸ਼ਲ ਮੀਡੀਆ ਤੇ ਖ਼ੂਬ ਪਸੰਦ ਕੀਤਾ ਗਿਆ।ਓਹਨਾਂ ਕਿਹਾ ਕਿ ਰਾਵਣ ਨਸ਼ੇ ਦਾ ਸਾੜਨਾ ਅੱਛੀ ਗੱਲ ਰਹੀ ਤੇ ਬਾਕੀ ਸਭ ਨੂੰ ਮਿਲ ਕਿ ਲੜਾਈ ਲੜ੍ਹਨੀ ਪੈਣੀ ਹੈ।ਅਸ਼ੋਕ ਪੁਰੀ ਅੱਜ ਕਲ "ਨੋ ਚਲਾਨ ਕਰੋ ਧਿਆਨ" ਟਰੈਫਿਕ ਤੇ ਫਿਲਮ ਬਣਾ ਕਿ ਚਰਚਾ ਵਿੱਚ ਹਨ।_ਅੰਮ੍ਰਿਤ ਪਵਾਰ।



# ਯਾਰਾ ਵੇ ਯਾਰਾ ਕਰਮਜੀਤ ਅਨਮੋਲ _ਕੋਕੇ ਜੜਦਾ

ਆਲ ਰਾਉਂਡਰ ਕਰਮਜੀਤ ਅਨਮੋਲ ਨਾਮ ਤੋ ਸੁਨਾ ਹੋਗਾ ਦਾ ਨਵਾਂ ਟਰੈਕ "ਕੋਕੇ ਜੜਦਾ *ਆਉਂਦੇ ਸਾਰ ਹੀ ਕਾਮਯਾਬੀ ਦੇ ਇਤਿਹਾਸਕ ਰਿਕਾਰਡ ਜੜੇਗਾ।ਇਹ ਗੀਤ ਸਰਬ ਘੁਮਾਣ ਨੇ ਲਿਖਿਆ ਏ ਤੇ ਤਰਜ਼ ਵੀ ਸਰਬ ਘੁਮਾਣ ਦੀ ਹੀ ਹੈ।ਜਰਨੈਲ ਘੁਮਾਣ ਦੀ ਅਸ਼ੀਰਵਾਦ ਪ੍ਰਥਾ ਸ਼ੁਰੂ ਚ ਕਰਮਜੀਤ ਅਨਮੋਲ ਤੇ ਸੀ ਤੇ ਹੁਣ ਸਰਬ ਘੁਮਾਣ ਤੇ ਹੈ ਤੇ ਮਜ਼ੇਦਾਰ ਗੱਲ ਸੰਗੀਤ ਪ੍ਰਗਟ ਘੁਮਾਣ ਦਾ ਹੈ।ਯਾਨੀ ਇੱਕ ਹੋਰ ਘੁਮਾਣ ਤੇ ਅੱਗੇ ਗਾਇਕੀ ਦਾ ਰਤਨ ਅਨਮੋਲ।ਅਰਸ਼ ਗਿੱਲ ਫੇਮੇਲ ਲੀਡ ਚ ਤੇ ਵੀਡੀਓ ਲਵ ਰੰਧਾਵਾ ਦਾ ਹੈ।ਕਰਮਜੀਤ ਅਨਮੋਲ ਦੇ ਆਪਣੇ ਚੈਨਲ ਦੀ ਪੇਸ਼ਕਸ਼ ਤੇ ਓਸ ਚ ਆਈ ਐਲਬਮ " ਕੋਕੇ ਜੜਦਾ"ਦਾ ਪ੍ਰਚਾਰ ਯੂਨੀ ਫਾਈ ਮੀਡੀਆ ਹੱਬ ਦਾ ਹੈ।_ਅੰਮ੍ਰਿਤ ਪਵਾਰ।

